ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 18 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੬ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

## ਨਹੀਂ ਰਹੀ ਦੰਗਲ ਦੀ ਛੋਟੀ 'ਬਬੀਤਾ ਫੋਗਾਟ', 19 ਦੀ ਉਮਰ 'ਚ ਸੁਹਾਨੀ ਭਟਨਾਗਰ ਨੇ ਲਿਆ ਆਖ਼ਰੀ ਸਾਹ

**ਮੁੰਬਈ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਹਾਲ ਹੀ 'ਚ ਬੀ-ਟਾਊਨ ਤੋਂ ਦਿਲ ਦਹਿਲਾਉਣ ਵਾਲੀ ਖ਼ਬਰ ਸਾਹਮਣੇ ਆਈ ਹੈ। ਖ਼ਬਰ ਹੈ ਕਿ ਆਮਿਰ ਖ਼ਾਨ ਦੀ ਫ਼ਿਲਮ 'ਦੰਗਲ' 'ਚ ਛੋਟੀ ਧੀ ਬਬੀਤਾ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਸੁਹਾਨੀ ਭਟਨਾਗਰ ਸਾਡੇ 'ਚ ਨਹੀਂ ਰਹੀ। ਅਭਿਨੇਤਰੀ ਦੀ ਉਮਰ ਸਿਰਫ 19 ਸਾਲ ਸੀ। ਰਿਪੋਰਟਾਂ ਦੀ ਮੰਨੀਏ ਤਾਂ ਉਹ ਲੰਬੇ ਸਮੇਂ ਤੋਂ ਬਿਮਾਰ ਸੀ। ਕਿਹਾ ਜਾਂਦਾ ਹੈ ਕਿ ਉਸ ਦੇ ਪੂਰੇ ਸਰੀਰ 'ਚ ਤਰਲ ਇਕੱਠਾ ਹੋ ਗਿਆ ਹੈ। ਕੁਝ ਸਮਾਂ ਪਹਿਲਾਂ ਸੁਹਾਨੀ ਦਾ ਐਕਸੀਡੈਂਟ ਹੋਇਆ ਸੀ, ਜਿਸ ਕਾਰਨ ਉਸ ਦੀ ਲੱਤ ਫਰੈਕਚਰ ਹੋ ਗਈ ਸੀ। ਇਲਾਜ ਦੌਰਾਨ ਉਸ ਨੇ ਜੋ ਦਵਾਈਆਂ ਲਈਆਂ ਉਸ ਦੇ ਇੰਨੇ ਮਾੜੇ ਪ੍ਰਭਾਵ ਸਨ ਕਿ ਹੌਲੀ-ਹੌਲੀ ਉਸ ਦੇ ਸਰੀਰ 'ਚ ਤਰਲ ਪਦਾਰਥ ਜਮ੍ਹਾ ਹੋਣ ਲੱਗਾ। ਉਹ ਲੰਬੇ ਸਮੇਂ ਤੋਂ ਦਿੱਲੀ ਦੇ ਏਮਜ਼ ਹਸਪਤਾਲ 'ਚ ਦਾਖਲ ਸੀ। ਨੌਜਵਾਨ ਧੀ ਦੀ ਮੌਤ ਕਾਰਨ ਮਾਪੇ ਦੁਖੀ ਹਨ। ਸੁਹਾਨੀ ਭਟਨਾਗਰ ਬਾਲੀਵੁੱਡ ਦੀ ਮਸ਼ਹੂਰ ਬਾਲ ਕਲਾਕਾਰ ਸੀ।



# ਕਿਸਾਨ ਆਗੂ ਪੰਧੇਰ ਨੇ ਦੱਸੀ ਪੂਰੀ ਗੱਲ
# ਅੰਦੋਲਨ ਨੂੰ ਲੈ ਕੇ ਕੀ ਹੈ ਕਿਸਾਨਾਂ ਦੀ ਅੱਗੇ ਦੀ ਯੋਜਨਾ

**ਚੰਡੀਗੜ੍ਹ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਐਮ. ਐਸ. ਪੀ. ਸਮੇਤ ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ ਅੰਦੋਲਨ ਕਰ ਰਹੇ ਹਨ। ਕਿਸਾਨ ਅੰਦੋਲਨ ਨੂੰ ਲੈ ਕੇ ਸਰਕਾਰ ਨਾਲ ਹੁਣ ਤੱਕ ਤਿੰਨ ਦੌਰ ਦੀ ਬੈਠਕ ਹੋ ਚੁੱਕੀ ਹੈ। ਤੀਜੇ ਦੌਰ ਦੀ ਬੈਠਕ ਵੀ ਬੇਨਤੀਜਾ ਰਹੀ। ਹੁਣ ਚੌਥੇ ਦੌਰ ਦੀ ਗੱਲਬਾਤ ਐਤਵਾਰ ਯਾਨੀ ਕਿ ਕੱਲ ਹੋਵੇਗੀ। ਉਮੀਦ ਹੈ ਕਿ ਐਮ. ਐਸ. ਪੀ. ਦੀ ਗਾਰੰਟੀ ਅਤੇ ਨਕਲੀ ਕੀਟਨਾਸ਼ਕਾਂ ਦੇ ਮੁੱਦੇ 'ਤੇ ਗੱਲਬਾਤ ਹੋਵੇਗੀ, ਜਿਸ ਨੂੰ ਲੈ ਕੇ ਸਰਕਾਰ ਨੇ ਭਰੋਸਾ ਦਿੱਤਾ ਹੈ। ਇਸ ਬਾਬਤ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਤੀਜੇ ਦੌਰ ਦੀ ਗੱਲਬਾਤ ਤਾਂ ਠੀਕ ਹੋਈ। ਮੰਤਰੀਆਂ ਨੇ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਤੁਹਾਡੀਆਂ ਮੰਗਾਂ ਦਾ ਠੋਸ ਹੱਲ ਕਰਨਾ ਚਾਹੁੰਦੇ ਹਾਂ। ਪੰਧੇਰ ਨੇ ਕਿਹਾ ਕਿ ਇਕੱਲੇ ਭਰੋਸੇ ਦਾ ਤਾਂ ਕੁਝ ਨਹੀਂ ਹੋਵੇਗਾ। ਸਾਡੀਆਂ ਮੰਗਾਂ ਨੂੰ ਅਮਲੀ ਜਾਮਾ ਕਿਵੇਂ ਪਹਿਨਾਇਆ ਜਾਵੇ, ਇਸ ਲਈ ਉਨ੍ਹਾਂ ਨੇ ਕੁਝ ਸਮਾਂ ਮੰਗਿਆ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਜੋ ਅਗਲੀ ਬੈਠਕ ਹੋਵੇਗੀ, ਉਸ ਵਿਚ ਕੀ ਨਿਕਲ ਕੇ ਸਾਹਮਣੇ ਆਉਂਦਾ ਹੈ। ਪੰਧੇਰ ਨੇ ਕਿਹਾ ਕਿ ਸਾਡਾ ਦਿੱਲੀ ਜਾਣਾ ਅਣਖ ਦੀ ਗੱਲ ਨਹੀਂ ਹੈ। ਅਸੀਂ ਮਿਲ ਬੈਠ ਕੇ ਮਸਲਿਆਂ ਦਾ ਹੱਲ ਚਾਹੁੰਦੇ ਹਾਂ। ਸਰਕਾਰ ਬੁਲਾਏਗੀ ਤਾਂ ਅਸੀਂ ਜਾਵਾਂਗੇ। ਜੇਕਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਹੈ ਤਾਂ ਸਾਡਾ ਦਿੱਲੀ ਕੂਚ ਕਰਨ ਦਾ ਫ਼ੈਸਲਾ ਪੱਕਾ ਹੈ। ਪੰਧੇਰ ਮੁਤਾਬਕ ਸਾਡਾ ਅੰਦੋਲਨ ਸ਼ਾਂਤੀਪੂਰਨ ਰਹੇਗਾ। ਅੰਦੋਲਨ ਵਿਚ ਕਿਸਾਨ ਗਿਆਨ ਸਿੰਘ ਸ਼ਹੀਦ ਹੋ ਗਏ, ਇਸ ਬਾਬਤ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਤੋਂ 20 ਲੱਖ ਰੁਪਏ ਅਤੇ ਪਰਿਵਾਰ ਲਈ ਨੌਕਰੀ ਦੀ ਮੰਗ ਕੀਤੀ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੀ ਘਟਨਾ ਅੱਗੇ ਨਾ ਹੋਵੇ। ਕਿਸਾਨ ਆਗੂ ਨੇ ਕਿਹਾ ਕਿ ਸਰਕਾਰ ਸਾਡੀਆਂ ਮੰਗਾਂ ਮੰਨ ਲਵੇ ਨਹੀਂ ਤਾਂ ਸ਼ਾਂਤੀਪੂਰਨ ਅੰਦੋਲਨ ਲਈ ਦਿੱਲੀ ਜਾਣ ਦੀ ਇਜਾਜ਼ਤ ਦਿੱਤੀ ਜਾਵੇ। ਅਸੀਂ ਗੱਲਬਾਤ ਰਾਹੀਂ ਮੁੱਦਿਆਂ ਦਾ ਹੱਲ ਕਰਨਾ ਚਾਹੁੰਦੇ ਹਾਂ।



## ਸ਼ੰਭੂ ਬਾਰਡਰ 'ਤੇ ਹੰਝੂ ਗੈਸ ਦੇ ਗੋਲੇ ਝੋਲਿਆਂ 'ਚ ਪਾ ਰਹੇ ਕਿਸਾਨ, ਬੋਲੇ-ਇਹ ਅੰਦੋਲਨ ਦੀ ਨਿਸ਼ਾਨੀ

**ਚੰਡੀਗੜ੍ਹ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ ਅਦੰਲੋਨ ਲਗਾਤਾਰ ਜਾਰੀ ਹੈ। ਕਿਸਾਨਾਂ 'ਚ ਇਸ ਵਾਰ ਹੰਝੂ ਗੈਸ ਦੇ ਖੋਲ, ਰਬੜ ਦੀਆਂ ਅਸਲੀ ਗੋਲੀਆਂ ਇਕੱਠਾ ਕਰਨ ਦੀ ਹੋੜ ਲੱਗੀ ਹੋਈ ਹੈ। ਇਸ ਤਰ੍ਹਾਂ ਅੰਦੋਲਨ ਦੀਆਂ ਨਿਸ਼ਾਨੀਆਂ ਇਕੱਠੀਆਂ ਕਰਨ ਲਈ ਕਿਸਾਨਾਂ ਵਲੋਂ ਵਾਰੀਆਂ ਲਾਈਆਂ ਜਾ ਰਹੀਆਂ ਹਨ। ਜਿਵੇਂ ਹੀ ਹੰਝੂ ਗੈਸ ਦਾ ਗੋਲਾ ਉਨ੍ਹਾਂ ਦੇ ਪੈਰਾਂ 'ਚ ਆ ਕੇ ਡਿੱਗਦਾ ਹੈ ਤਾਂ ਕਿਸਾਨ ਪਾਣੀ ਨਾਲ ਗਿੱਲੀ ਬੋਰੀ ਉਸ 'ਤੇ ਪਾ ਦਿੰਦੇ ਹਨ। ਉਸ ਦਾ ਅਸਰ ਖ਼ਤਮ ਹੁੰਦੇ ਹੀ ਉਸ ਨੂੰ ਆਪਣੇ ਝੋਲੇ 'ਚ ਪਾ ਰਹੇ ਹਨ। ਇਸੇ ਤਰ੍ਹਾਂ ਹੀ ਰਬੜ ਦੀਆਂ ਗੋਲੀਆਂ ਅਤੇ ਅਸਲੀ ਗੋਲੀਆਂ ਦੇ ਖੋਲ ਵੀ ਕਿਸਾਨਾਂ ਵਲੋਂ ਇਕੱਠੇ ਕੀਤੇ ਜਾ ਰਹੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਇਨ੍ਹਾਂ ਨੂੰ ਇਕੱਠਾ ਕਰਨ ਦਾ ਮੁੱਖ ਮਕਸਦ ਅੰਦੋਲਨ ਦੀ ਨਿਸ਼ਾਨੀ ਹੈ, ਜੋ ਉਹ ਬੱਚਿਆਂ ਨੂੰ ਜਾਂ ਆਉਣ ਵਾਲੀਆਂ ਪੀੜ੍ਹੀਆਂ (ਪੋਤੇ-ਪੋਤੀਆਂ) ਨੂੰ ਦਿਖਾਉਣਗੇ ਕਿ ਉਹ ਵੀ ਅੰਦੋਲਨ ਦਾ ਹਿੱਸਾ ਸਨ। ਕਿਸਾਨਾਂ ਦਾ ਕਹਿਣਾ ਹੈ ਕਿ ਇਹ ਗੋਲੇ ਜਾਂ ਗੋਲੀਆਂ ਨਹੀਂ, ਸਗੋਂ ਉਨ੍ਹਾਂ ਲਈ ਮੈਡਲ ਹਨ। ਉਹ ਆਪਣੇ ਡਰਾਇੰਗ ਰੂਮਾਂ 'ਚ ਇਸ ਨੂੰ ਨਿਸ਼ਾਨੀ ਦੇ ਤੌਰ 'ਤੇ ਰੱਖਣਗੇ। ਇਸ ਨੂੰ ਦੇਖ ਕੇ ਅੰਦੋਲਨ ਦਾ ਹਰ ਪਾਲ ਯਾਦ ਆਵੇਗਾ। ਦੱਸਣਯੋਗ ਹੈ ਕਿ ਪੰਜਾਬ ਦੇ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੰਭੂ ਬਾਰਡਰ ਤੋਂ ਨਿਕਲ ਕੇ ਦਿੱਲੀ ਜਾਣ ਦੀ ਕੋਸ਼ਿਸ਼ 'ਚ ਲੱਗੇ ਹੋਏ ਹਨ ਅਤੇ ਹਰਿਆਣਾ ਪੁਲਸ ਉਨ੍ਹਾਂ ਨੂੰ ਅੱਗੇ ਨਹੀਂ ਜਾਣ ਦੇ ਰਹੀ। ਪੈਰਾਮਿਲਟਰੀ ਫੋਰਸ ਵਲੋਂ ਉਨ੍ਹਾਂ ਨੂੰ ਰੋਕਣ ਲਈ ਹੰਝੂ ਗੈਸ ਦੇ ਗੋਲੇ, ਰਬੜ ਦੀਆਂ ਗੋਲੀਆਂ ਵੀ ਚਲਾ ਰਹੀ ਹੈ ਪਰ ਕਿਸਾਨ ਮੋਰਚੇ 'ਤੇ ਡਟੇ ਹੋਏ ਹਨ।



## ਕਿਸਾਨਾਂ ਦੇ ਮਸਲਿਆਂ ਦਾ ਛੇਤੀ ਹੀ ਕੀਤਾ ਜਾਵੇਗਾ ਹੱਲ, ਅਮਿਤ ਸ਼ਾਹ ਨੇ ਮੀਟਿੰਗ ਤੋਂ ਬਾਅਦ ਦਿੱਤਾ ਭਰੋਸਾ'



**ਨਵੀਂ ਦਿੱਲੀ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਵਿਦੇਸ਼ਾਂ ਅੰਦਰ ਪੰਜਾਬੀਆਂ ਦਾ ਅਤੇ ਪੰਜਾਬ ਦਾ ਡੰਕਾ ਵਜਾਉਣ ਵਾਲੇ ਉੱਘੇ ਐਨ.ਆਰ.ਆਈ, ਸਮਾਜ ਸੇਵਕ ਡਾ. ਦਰਸ਼ਨ ਸਿੰਘ ਰੱਖੜਾ ਨੇ ਅੱਜ ਆਪਣੇ ਭਰਾ ਅਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਚਰਨਜੀਤ ਸਿੰਘ ਰੱਖੜਾ ਨੂੰ ਨਾਲ ਲੈ ਕੇ ਕਿਸਾਨੀ ਮਸਲਿਆਂ ਦੇ ਹੱਲ ਲਈ ਭਾਰਤ ਦੇ ਗ੍ਰਹਿ ਮੰਤਰੀ ਅਤੇ ਬੀਜੇਪੀ ਦੇ ਸਿਰਮੌਰ ਨੇਤਾ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਅਤੇ ਲੰਬੀ ਮੀਟਿੰਗ ਕਰਕੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਬਾਰਡਰਾਂ 'ਤੇ ਬੈਠੇ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਪੂਰਾ ਕਰਨ। ਜ਼ਿਕਰਯੋਗ ਹੈ ਕਿ ਇਸਤੋਂਪ ਹਿਲਾਂ ਵੀ ਦਿੱਲੀ ਬਾਰਡਰਾਂ 'ਤੇ ਦਜੋਂ ਕਿਸਾਨੀ ਸੰਘਰਸ਼ ਚੱਲਿਆ ਸੀ ਤਾਂ ਦਰਸ਼ਨ ਸਿੰਘ ਰੱਖੜਾ, ਸੁਰਜੀਤ ਸਿੰਘ ਰੱਖੜਾ, ਚਰਨਜੀਤ ਸਿੰਘ ਰੱਖੜਾ ਨੇ ਦਿੱਲੀ ਬਾਰਡਰ 'ਤੇ ਕਿਸਾਨਾਂ ਲਈ 24 ਘੰਟੇ ਦਾ ਲੰਗਰ ਚਲਾਇਆ ਸੀ। ਬਹੁਤ ਵਧੀਆ ਰੈਣ ਬਸੇਰੇ ਬਣਾਏ ਸਨ ਤੇ ਦਵਾਈਆਂ ਦੇ ਪ੍ਰਬੰਧ ਕੀਤੇ ਸਨ ਤੇ ਪੂਰਾ ਲਗਭਗ ਸਾਲ ਜਦੋਂ ਤੱਕ ਸੰਘਰਸ਼ ਜਾਰੀ ਰਿਹਾ। ਇਹ ਲੰਗਰ ਵੀ ਉਸੇਤਰ੍ਹਾਂ ਚਲਦੇ ਰਹੇ। ਦਰਸ਼ਨ ਸਿੰਘ ਰੱਖੜਾ ਆਪਣੀ ਮਿੱਟੀ ਨਾਲ ਜੁੜੇ ਹੋਏ ਕਿਸਾਨ ਹਨ ਤੇ ਵਿਦੇਸ਼ਾਂ ਅੰਦਰ ਅਰਬਾਂ ਦਾ ਕਾਰੋਬਾਰ ਹੋਣ ਤੋਂ ਬਾਅਦ ਵੀ ਪਟਿਆਲਾ ਵਿੱਚ ਸਥਿਤ ਆਪਣੇ ਪਿੰਡ ਵਿੱਚ ਹਰ ਦੋ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਆਉਂਦੇ ਹਨ। ਦਰਸ਼ਨ ਸਿੰਘ ਰੱਖੜਾ ਨੇ ਗੱਲਬਾਤ ਕਰਦਿਆਂ ਆਖਿਆ ਕਿ ਪੰਜਾਬ ਇਸ ਵੇਲੇ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ। ਇਸ ਲਈ ਪੰਜਾਬ ਨੂੰ ਕੇਂਦਰ ਦੀ ਮਦਦ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਅੱਜ ਪੰਜਾਬ ਦਾ ਕਿਸਾਨ ਮੁੜ ਦੁਬਾਰਾ ਐਮ.ਐਸ.ਪੀ. ਤੇ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ ਲੜ ਰਿਹਾ ਹੈ। ਜਦੋਂ ਉਨ੍ਹਾਂ ਨੂੰ ਅਮਰੀਕਾ ਬੈਠੇ ਇਸ ਗੱਲ ਦਾ ਪਤਾ ਚਲਾ ਤਾਂ ਉਹ ਤੁਰੰਤ ਦੋ ਦਿਨ ਪਹਿਲਾਂ ਹੀ ਵਿਸ਼ੇਸ਼ ਤੌਰ 'ਤੇ ਪੰਜਾਬ ਪੁੰਜੇ ਅਤੇ ਉਨ੍ਹਾਂ ਇਸ ਸਬੰਧੀ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਨਾਲ ਗੱਲਬਾਤ ਕੀਤੀ। ਉਨ੍ਹਾਂ ਆਖਿਆ ਕਿ ਅਮਿਤ ਸ਼ਾਹ ਨੇ ਉਨ੍ਹਾਂ ਨੂੰ ਤੁਰੰਤ ਮੀਟਿੰਗ ਲਈ ਬੁਲਾਇਆ ਤੇ ਅੱਜ ਉਨਾਂ ਨੇ ਅਮਿਤ ਸ਼ਾਹ ਨਾਲ ਲੰਬਾ ਮੀਟਿੰਗ ਕੀਤੀ ਹੈ। ਦਰਸ਼ਨ ਰੱਖੜਾ ਨੇ ਆਖਿਆ ਕਿ ਉਨ੍ਹਾਂ ਨੇ ਉਨ੍ਹਾਂ ਦੇ ਭਰਾ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਸ ਗੱਲ ਦੀ ਬਰੀਕੀ ਨਾਲ ਜਾਣਕਾਰੀ ਦਿੱਤੀ ਕਿ ਪੰਜਾਬ ਕਿਸਾਨੀ ਦੇ ਸਿਰ 'ਤੇ ਹੈ ਤੇ ਅੱਜ ਦਾ ਕਿਸਾਨ ਆਰਥਿਕ ਮੰਦੀ ਦੇ ਦੌਰ ਵਿਚੋਂ ਲੰਘ ਰਿਹਾ ਹੈ, ਜਿਸ ਕਾਰਨ ਰੋਜਾਨਾ ਖ਼ੁਦਕੁਸ਼ੀਆਂ ਵਧ ਰਹੀਆਂ ਹਨ। ਛੋਟੇ ਕਿਸਾਨ ਰੋਜੀ ਰੋਟੀ ਤੋਂ ਮੋਹਤਾਜ ਹੋ ਰਹੇ ਹਨ। ਜਮੀਨਾਂ ਘੱਟ ਚੁਕੀਆਂ ਹਨ, ਪਾਣੀ ਧਰਤੀ ਹੇਠਾ ਬਹੁਤ ਜ਼ਿਆਦਾ ਜਾ ਚੁੱਕਾ ਹੈ, ਜਿਸ ਕਾਰਨ ਕਿਸਾਨ ਦੀ ਜਿੰਦਗੀ ਬਹੁਤ ਜ਼ਿਆਦਾ ਔਖੀ ਹੋਈ ਪਈ ਹੈ।

ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਦਸੂਹਾ ਤੋਂ ਵਿਧਾਇਕ ਕਰਮਵੀਰ ਘੁੰਮਣ ਕਾਰ ਹਾਦਸੇ ਵਿੱਚ ਜ਼ਖ਼ਮੀ






**ਦਸੂਹਾ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਦਸੂਹਾ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਕਰਮਵੀਰ ਸਿੰਘ ਘੁੰਮਣ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਸ਼ਨੀਵਾਰ ਨੂੰ ਤਲਵਾੜਾ ਰੋਡ 'ਤੇ ਵਿਧਾਇਕ ਦੀ ਕਾਰ ਬੇਕਾਬੂ ਹੋ ਕੇ ਇਕ ਹੋਰ ਕਾਰ ਨਾਲ ਟਕਰਾ ਕੇ ਪਲਟ ਗਈ। ਇਸ ਹਾਦਸੇ ਵਿੱਚ ਵਿਧਾਇਕ ਘੁੰਮਣ ਅਤੇ ਉਨ੍ਹਾਂ ਦੇ ਨਿੱਜੀ ਸਕੱਤਰ (ਪੀ.ਏ.) ਸ਼ੁਭਮ ਸ਼ਰਮਾ ਜ਼ਖ਼ਮੀ ਹੋ ਗਏ। ਹਾਦਸੇ ਤੋਂ ਬਾਅਦ ਉਸ ਨੂੰ ਤੁਰੰਤ ਦਸੂਹਾ ਸਿਵਲ ਹਸਪਤਾਲ ਲਿਜਾਇਆ ਗਿਆ। ਵਿਧਾਇਕ ਕਰਮਵੀਰ ਸਿੰਘ ਘੁੰਮਣ ਸ਼ਨੀਵਾਰ ਨੂੰ ਕਿਸੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਤਲਵਾੜਾ ਜਾ ਰਹੇ ਸਨ। ਉਨ੍ਹਾਂ ਦੇ ਨਾਲ ਕਾਰ ਵਿੱਚ ਪੀਏ ਸਮੇਤ 5 ਲੋਕ ਮੌਜੂਦ ਸਨ। ਜਿਵੇਂ ਹੀ ਉਨ੍ਹਾਂ ਦੀ ਕਾਰ ਪਿੰਡ ਚੋਹਾਲਾ ਨੇੜੇ ਪੁੱਜੀ ਤਾਂ ਇੱਕ ਕਾਰ ਨੇ ਵਿਧਾਇਕ ਦੀ ਕਾਰ ਨੂੰ ਸਾਈਡ ਤੋਂ ਟੱਕਰ ਮਾਰ ਦਿੱਤੀ। ਵਿਧਾਇਕ ਦੇ ਡਰਾਈਵਰ ਨੇ ਕਾਰ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਇਸ ਦੇ ਬਾਵਜੂਦ ਕਾਰ ਪਲਟ ਗਈ ਅਤੇ ਸੜਕ ਦੇ ਕਿਨਾਰੇ ਆ ਗਈ। ਹਾਦਸੇ ਤੋਂ ਬਾਅਦ ਆਸ-ਪਾਸ ਦੇ ਲੋਕ ਇਕੱਠੇ ਹੋ ਗਏ। ਕਾਰ ਵਿਚ ਸਵਾਰ ਲੋਕਾਂ ਨੂੰ ਤੁਰੰਤ ਬਾਹਰ ਕੱਢਿਆ ਗਿਆ। ਇਸ ਤੋਂ ਬਾਅਦ ਲੋਕਾਂ ਨੂੰ ਪਤਾ ਲੱਗਾ ਕਿ ਇਹ ਕਾਰ ਵਿਧਾਇਕ ਦੀ ਹੈ। ਇਸ ਤੋਂ ਬਾਅਦ ਪੁਲਿਸ ਅਧਿਕਾਰੀ ਵੀ ਮੌਕੇ 'ਤੇ ਪਹੁੰਚ ਗਏ। ਵਿਧਾਇਕ ਤੇ ਨਿੱਜੀ ਸਕੱਤਰ ਜ਼ਖ਼ਮੀ ਹੋ ਗਏ। ਦੋਵਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਇਲਾਜ ਤੋਂ ਬਾਅਦ ਡਾਕਟਰਾਂ ਨੇ ਦੋਵਾਂ ਨੂੰ ਸਿਵਲ ਹਸਪਤਾਲ ਦੇ ਐਮਰਜੈਂਸੀ ਵਾਰਡ ਵਿੱਚ ਛੁੱਟੀ ਦੇ ਦਿੱਤੀ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ (2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਆਵਾਜ਼ਿ ਕੌਮ AWAZE QAUM International Newspaper & WEB TV




# ਪੰਜਾਬ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਕੇ ਤਰੁੰਤ ਲਾਗੂ ਕਰੇ ਸਰਕਾਰ



ਚੰਡੀਗੜ੍ਹ ( ਰਣਜੀਤ ਸਿੰਘ ਪੇਧਨੀ ) ਯੂਨੀਅਨ ਦੇ ਪ੍ਰਧਾਨ ਸੰਦੀਪ ਸਿੰਘ ਨੇ ਦੱਸਿਆ ਕਿ ਅਸੀਂ ਪੰਜਾਬ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਬਤੌਰ ਕੰਟੈਰਕਟ ਇੰਸਟਰੱਕਟਰ ਆਪਣੀਆ ਸੇਵਾਵਾਂ ਨਿਭਾ ਰਹੇ ਹਾਂ।ਸਾਡੀਆ ਕੁਝ ਜਾਇਜ ਮੰਗਾ ਸਨ ਜਿਨਾ ਕਰਕੇ ਅਸੀਂ ਵਾਰ ਵਾਰ ( 04/05/2023 ਜਲੰਧਰ,24/05/2023 ਪੰਜਾਬ ਭਵਨ ਚੰਡੀਗੜ੍ਹ, 20/09/2023 ਚੰਡੀਗੜ੍ਹ ਸੈਕਟਰ 2 , 19/09/2023 ਅਤੇ 24/01/2024 ਨੂੰ ਪੰਜਾਬ ਭਵਨ ਚੰਡੀਗੜ੍ਹ) ਵੱਖ ਵੱਖ ਜਗ੍ਹਾ ਤੇ ਮਾਣਯੋਗ ਤਕਨੀਕੀ ਸਿੱਖਿਆ ਮੰਤਰੀ ਜੀ ਨਾਲ ਮੀਟਿੰਗਾਂ ਕਰ ਚੁੱਕੇ ਹਾਂ। ਇਹਨਾ ਵਾਰ ਵਾਰ ਬੇਨਤੀ ਕਰਨ ਉੱਤੇ ਵੀ ਸਾਡੀਆ ਮੰਗਾ ਨੂੰ ਵਿਚਾਰਿਆ ਨਹੀਂ ਗਿਆ। ਅਸੀ ਮਿਤੀ 24/01/2024 ਨੂੰ ਪੰਜਾਬ ਭਵਨ ਚੰਡੀਗੜ੍ਹ ਵਿਖੇ ਤਕਨੀਕੀ ਸਿੱਖਿਆ ਮੰਤਰੀ ਜੀ ਨਾਲ ਮੀਟਿੰਗ ਕੀਤੀ ਸੀ ਜਿਸ ਵਿੱਚ ਸਾਨੂੰ ਹਰ ਵਾਰ ਦੀ ਤਰ੍ਹਾਂ ਕਿਹਾ ਗਿਆ ਕੇ ਤੁਹਾਡੀ ਮੰਗ ਨੂੰ ਪੂਰਾ ਕੀਤਾ ਜਾਵੇਗਾ ਪਰ ਹਾਲੇ ਤਕ ਸਾਨੂੰ ਇਹ ਤਕ ਨਹੀਂ ਦਸਿਆ ਗਿਆ ਕਿ ਜੋ ਸਾਡੀ ਆਖਰੀ ਮੀਟਿੰਗ 24/01/2024 ਹੋਈ ਸੀ ਉਸ ਤੇ ਕੀ ਵਿਚਾਰ ਕੀਤਾ ਗਿਆ ਹੈ।ਹੋਰਾਂ ਸੂਬਿਆ ਵਿਚ ਹਰ ਪ੍ਰਕਾਰ ਦੀ ਸਹੂਲਤ ਕਰਾਫਟ ਇੰਸਟਰੱਕਟਰ ਨੂੰ ਦਿੱਤੀ ਗਈ ਹੈ ਜਿਵੇਂ ਕੇ ਦਿੱਲ੍ਹੀ ਵਿਚ ਜਿਥੇ ਕੇ ਤਕਨੀਕੀ ਸਿੱਖਿਆ ਵਿੱਚ ਕੰਮ ਕਰਦੇ ਇੰਸਟਰੱਕਟਰ ਦੀਆ ਤਨਖਾਹਾਂ ਪੰਜਾਬ ਨਾਲੋਂ 4 ਗੁਣਾ ਜਿਆਦਾ 59450/- ਪ੍ਰਤੀ ਮਹੀਨਾ ਹੈ ਅਤੇ ਇਥੇ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਗਵਾਂਢੀ ਸੂਬਾ ਹਰਿਆਣਾ 2017 ਤੋਂ ਰੈਗੂਲਰ ਕਰਮਚਾਰੀਆ ਦੀ ਤਰਾ ਹੀ ਠੇਕਾ ਅਧਾਰਿਤ ਇੰਸਟਰੱਕਟਰ ਨੂੰ ਬਰਾਬਰ ਤਨਖਾਹ ਦੇ ਰਿਹਾ ਹੈ ਜੋ ਕੇ 35400/- ਪ੍ਰਤੀ ਮਹੀਨਾ ਹੈ ਅਤੇ ਇਹਨਾਂ ਸੂਬਿਆ ਵਿਚ ਪੱਕੇ ਕਰਮਚਾਰੀਆ ਦੀ ਤਰਾ ਹੀ ਛੁੱਟੀਆਂ ਦਾ ਲਾਭ ਅਤੇ ਹੋਰ ਲਾਭ ਵੀ ਦਿੱਤੇ ਜਾ ਰਹੇ ਹਨ। ਪਰ ਪੰਜਾਬ ਵਿਚ ਸਾਡੇ ਨਾਲ ਕੀਤੇ ਵਾਧੇ ਪੂਰੇ ਨਹੀਂ ਕੀਤੇ ਗਏ ਜਿਸ ਤੇ ਠੇਕਾ ਅਧਾਰਿਤ ਇੰਸਟਰੱਕਟਰ ਵਿਚ ਬਹੁਤ ਭਾਰੀ ਰੋਸ ਹੈ ਅਤੇ ਹੁਣ ਸਾਡੀ ਯੂਨੀਅਨ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਜੇਕਰ ਸਾਡੀ 24/01/2024 ਨੂੰ ਹੋਈ ਮੀਟਿੰਗ ਦਾ ਜਵਾਬ ਸਾਨੂੰ 20/02/2024 ਤਕ ਨਹੀਂ ਦਿੱਤਾ ਜਾਂਦਾ ਤਾਂ ਪੂਰੀ ਯੂਨੀਅਨ ਵੱਲੋਂ ਸੰਗਰੂਰ ਵਿੱਚ 20/02/2024 ਤੋਂ ਬਾਅਦ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਜੇਕਰ ਧਰਨੇ ਪ੍ਰਦਰਸ਼ਨ ਵਿਚ ਕਿਸੇ ਪ੍ਰਕਾਰ ਦਾ ਵੀ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜਿਮੇਵਾਰ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਹੋਣਗੇ ਆਪ ਜੀ ਦੇ ਧਿਆਨ ਹਿੱਤ ਹੈ ਜੀ। ਇਸ ਸਮੇਂ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਯੂਨੀਅਨ ਦੇ ਹੋਰ ਮੈਂਬਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV






# ਮੁੱਖ ਮੰਤਰੀ ਦੇ ਹਲਕੇ ਚ ਗਰਜੇ ਮੁਲਾਜ਼ਮ ਸੰਘਰਸ਼ ਕਮੇਟੀ ਦੇ ਆਗੂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਵੀ ਤਿੱਖਾ ਕੀਤਾ ਜਾਵੇਗਾ




ਧੂਰੀ ( ਰਣਜੀਤ ਸਿੰਘ ਪੇਧਨੀ ) ਧੂਰੀ ਵਿਖੇ ਮੁਲਾਜ਼ਮ ਸੰਘਰਸ਼ ਕਮੇਟੀ pspcl ਵੱਲੋ ਪਰਿਵਾਰਾਂ ਸਮੇਤ ਦਿੱਤਾ ਰੋਸ ਧਰਨਾ ਅਤੇ ਕੀਤਾ ਰੋਸ ਮਾਰਚ ਅਤੇ ਕੀਤਾ ਹਾਈਵੇ ਜਾਮ ਲੰਬੇ ਜਾਮ ਤੋਂ ਬਾਅਦ ਐਸਡੀਐਮ ਧੂਰੀ ਅਤੇ ਐਸਐਸਪੀ ਸੰਗਰੂਰ ਰਵਨੀਤ ਸਿੰਘ ਵਿਰਕ ਅਤੇ ਡੀਐਸਪੀ ਤਲਵਿੰਦਰ ਸਿੰਘ ਗਿੱਲ ਦੁਆਰਾ ਸੰਯੁਕਤ ਸਕੱਤਰ ਪੰਜਾਬ ਸਰਕਾਰ ਨਾਲ ਅਤੇ ਸਬੰਧਤ ਪਾਵਰ ਕੌਮ ਦੇ ਅਧਿਕਾਰੀਆਂ ਨਾਲ ਲਿਖਤੀ ਮੀਟਿੰਗ 21/02/2024 ਨੂੰ ਦਿੱਤੀ ਗਈ। ਅੱਜ ਮਿਤੀ 17/02/2024 ਨੂੰ ਮੁਲਾਜ਼ਮ ਸੰਘਰਸ਼ ਕਮੇਟੀ PSPCL ਪੰਜਾਬ ਵੱਲੋ ਰੋਸ ਧਰਨਾ ਅਤੇ ਰੋਸ ਮਾਰਚ ਕੀਤਾ । ਕਨਵੀਨਰ ਬਲਕੌਰ ਸਿੰਘ ਮਾਨ ਦੀ ਅਗਵਾਈ ਹੇਠ ਇਸ ਧਰਨੇ ਵਿੱਚ ਮੁਲਾਜ਼ਮ ਨੇ ਪਰਿਵਾਰ ਸਮੇਤ ਸਮੂਲੀਅਤ ਕੀਤੀ ਗਈ । ਧਰਨੇ ਨੂੰ ਸੰਬੋਧਨ ਕਰਦਿਆਂ ਕੋ-ਕਨਵੀਨਰ ਹਿਤੇਸ਼ ਕੁਮਾਰ ਫਿਰੋਜ਼ਪੁਰ , ਸੁਰਿੰਦਰ ਧੰਗਾਗਵਾਲਾ , ਹਰਪ੍ਰੀਤ ਸਿੰਘ ਖਾਲਸਾ , ਪਰਨਾਮ ਸਿੰਘ, ਗੁਰਰਾਜ ਸਿੰਘ, ਜਗਜੀਤ ਸਿੰਘ ਢਿੱਲੋਂ, ਸ਼ਸ਼ੀਕਾਂਤ ਸ਼ਰਮਾ, ਰਜਿੰਦਰ ਸ਼ਰਮਾ, ਰਜਿੰਦਰ ਪਠਾਨਕੋਟ, ਮਲਕੀਤ ਸਿੰਘ ਬੂਟਾ ਜਖੇਪਲ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਪਾਵਰਕਾਮ ਮੈਨੇਜਮੈਂਟ ਵੱਲੋਂ ਵਨ ਟਾਈਮ ਸੈਟਲਮੈਂਟ ਦੀ ਪੋਲਸੀ ਰਾਹੀਂ ਓਵਰ ਏਜ ਹੋ ਰਹੇ ਲਾਈਨਮੈਨਾਂ ਨੂੰ ਤੇ ਤਜਰਬੇ ਦੇ ਅਧਾਰ ਤੇ ਗਰੇਸ ਪੁਆਇੰਟ ਦੇ ਕੇ ਭਰਤੀ ਕੀਤਾ ਗਿਆ ਸੀ । ਜ਼ਿਕਰਯੋਗ ਹੈ ਕਿ ਇਸ਼ਿਤਹਾਰ cra 295/19 ਵਿੱਚ ਸਹਾਇਕ ਲਾਈਨਮੈਨ ਨੂੰ ਭਰਤੀ ਕਰਨ ਲਈ ਪਾਵਰਕੌਮ ਦੀ ਮੈਨੇਜਮੈਂਟ ਵਲੋਂ ਜੋ ਸ਼ਰਤਾਂ ਇਸ਼ਿਤਹਾਰ ਵਿੱਚ ਰਖੀਆ ਗਈਆ ਸਨ ਉਹ ਸਾਰੀਆ ਪੂਰੀਆ ਕਰਕੇ ਜੋਨ ਪਧਰ ਤੇ ਕਮੇਟੀਆ ਬਣਾ ਕੇ ਡਾਕੂਮੈਂਟ ਚੈਕ ਕਰਨ ਉਪਰੰਤ ਹੀ ਆਰਡਰ ਦਿੱਤੇ ਗਏ ਸਨ, ਲੇਕਿਨ ਹੁਣ ਕੋਰਟ ਕੇਸਾਂ ਦਾ ਬਹਾਨਾ ਬਨਾ ਕੇ ਸਾਡੇ 26 ਸਹਾਇਕ ਲਾਈਨਮੈਨਾਂ ਨੂੰ ਟਰਮੀਨੇਟ ਕਰ ਦਿੱਤਾ ਗਿਆ ਅਤੇ ਵਡੀ ਗਿਣਤੀ ਵਿੱਚ ਝੂਠੇ ਪਰਚੇ ਪਾ ਕੇ ਨਾਮਜ਼ਦਗੀ ਕੀਤਾ ਗਿਆ ਪਾਵਰਕੌਮ ਮੈਨੇਜਮੈਂਟ ਵਲੋਂ ਮੁਲਾਜ਼ਮਾਂ ਦਾ ਪਰਖਕਾਲ ਤੋ ਵੀ ਵੱਧ ਚਾਰ ਸਾਲ ਦਾ ਸਮਾਂ ਬੀਤ ਜਾਨ ਦੇ ਬਾਵਜੂਦ ਪਰਖਕਾਲ ਪੂਰਾ ਚੁਕੇ ਸਹਾਇਕ ਲਾਈਨਮੈਨਾਂ ਤੇ ਸਟੇਟਸ ਕਿਉਂ ਦਾ ਬਹਾਨਾ ਬਨਾ ਕੇ ਰੈਗੂਲਰ ਸਕੇਲ ਨਹੀਂ ਦਿਤਾ ਜਾ ਰਿਹਾ ਹੈ ਜਦ ਕਿ ਨਿਗੁਣੀਆਂ ਤਣਖਾਹਾਂ ਦੇ ਕੇ ਸੋਸਣ ਕੀਤਾ ਜਾ ਰਿਹਾ। ਬਿਜਲੀ ਮੰਤਰੀ ਅਤੇ ਪਾਵਰਕੌਮ ਮੈਨੇਜਮੈਂਟ ਨਾਲ ਕਈ ਮੀਟਿੰਗਾਂ ਹੋਨ ਦੇ ਬਾਵਜੂਦ ਸਾਡਾ ਕੋਈ ਸਾਰਥਕ ਹਲ ਨਹੀਂ ਕਢੀਆ ਗਿਆ ਬਲਕਿ ਵਾਰ ਵਾਰ ਲਾਰੇ ਲਾ ਕੇ ਡੰਗ ਟਪਾਈਆ ਜਾ ਰਿਹਾ ਹੈ ਸੋ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਵਾਅਦਾ ਖਿਲਾਫੀ ਕਰਦਿਆਂ 26 ਮੁਲਾਜ਼ਮਾਂ ਨੂੰ ਬਿਨਾਂ ਕਿਸੇ ਨੋਟਿਸ ਤੋਂ ਟਰਮੀਨੇਟ ਕਰ ਦਿੱਤਾ ਗਿਆ ਹੈ ਅਤੇ ਸਾਹਾਇਕ ਲਾਈਨਮੈਨਾਂ ਦੇ ਰੇਗੁਲਰ ਤਣਖਾਹਾਂ ਨਹੀਂ ਦਿਤੀਆਂ ਜਾ ਰਹੀਆਂ ਹਣ ਜਿਸਦਾ ਸਮੂਹ ਮੁਲਾਜ਼ਮਾਂ ਤੇ ਉਹਨਾਂ ਦੇ ਪਰਿਵਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਰੋਸ ਵਜੋਂ ਮਿਤੀ 17/02/2024 ਨੂੰ ਮੁੱਖ ਮੰਤਰੀ ਦੇ ਦਫ਼ਤਰ ਧੂਰੀ ਵਿਖੇ ਧਰਨਾ ਅਤੇ ਰੋਸ ਮਾਰਚ ਕੀਤਾ ਗਿਆ । ਅੱਜ ਦੇ ਇਸ ਧਰਨੇ ਵਿਚ ਸ਼ਿਵ ਕੁਮਾਰ ਤਿਵਾੜੀ ਵਿਗਿਆਨਿਕ ਸੰਘਰਸ਼ਸ਼ੀਲ ਫਰੰਟ, ਕੁਲਦੀਪ ਸਿੰਘ ਖੰਨਾ, ਦਰਸ਼ਨ ਸਿੰਘ ਸਰਾਵਾਂ ਟੀਐਸਯੂ, ਮੁਲਾਜ਼ਮ ਯੂਨਾਈਟਡ ਔਰਗਨਾਈਜੇਸ਼ਨ ਤੋਂ ਸ਼ਿਮੰਦਰ ਸਿੰਘ ਬਠਿੰਡਾ, ਹਰਮੀਤ ਚੰਦ ਜਲਾਲਾਬਾਦ, ਦਵਿੰਦਰ ਸਿੰਘ ਪਿਸ਼ੌਰ ਆਈਟੀਆਈ ਇਮਪਲੋਈ ਐਸੋਸੀਏਸ਼ਨ, ਜਮਹੂਰੀ ਕਿਸਾਨ ਸਭਾ ਅਤੇ ਉਧਮ ਸਿੰਘ ਸੰਤੋਖਪੁਰਾ ਉਦਮ ਸਿੰਘ ਸੰਤੋਖਪੁਰਾ ਅਤੇ ਜਸਪਾਲ ਸਿੰਘ ਖੁਰਮੀ ਪੈਨਸ਼ਨ ਐਸੋਸੀਏਸ਼ਨ ਧੂਰੀ ਅਤੇ ਜਰਨੈਲ ਸਿੰਘ ਕੀਰਤੀ ਕਿਸਾਨ ਯੂਨੀਅਨ, ਕਰਮਜੀਤ ਸਿੰਘ ਬਠਿੰਡਾ ਇੰਪਲਾਈ ਫੈਡਰੇਸ਼ਨ ਪਹਿਲਵਾਨ ਇਮਪਲਾਈਜ ਫੈਡਰੇਸ਼ਨ ਪਹਿਲਵਾਨ ਗਰੁੱਪ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਅਵਤਾਰ ਸਿੰਘ ਕੋਰਵਾਲਾ, ਅਤੇ ਵੱਡੀ ਗਿਣਤੀ ਦੇ ਵਿੱਚ ਮੁਲਾਜ਼ਮ ਆਗੂ ਸਾਥੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV


ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ ਕਿਰਤ ਕਰੋ ਵੰਡ ਛਕੋ
Naam Japo Kirat Karo Vand Shako
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ


ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।





✚ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ.:
+91 98882-22446



ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

## ਧੰਨ-ਧੰਨ 108
# ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ
# ਮਿਤੀ 16, 17, 18 ਫ਼ਰਵਰੀ 2024 ਨੂੰ

ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ

ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।

18-2-2024 ਦਿਨ ਐਤਵਾਰ

ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ

ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।

ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।

ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ :-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681



ਗੁਰੂਘਰ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ ਦੀ ਯਾਦ ਨੂੰ ਸਮਰਪਿਤ
ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀ ਸੁਚੱਜੀ ਦੇਖ ਰੇਖ ਹੇਠ
ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਮਹਾਨ ਸਿੱਖ ਭਾਈ ਮਰਦਾਨਾ ਜੀ
ਸਲਾਨਾ ਗੁਰਮਤਿ ਸਮਾਗਮ
21 ਲੋੜਵੰਦ ਪ੍ਰੀਵਾਰਾਂ ਦੀਆਂ ਲੜਕੀਆਂ ਦੇ ਵਿਆਹ
ਸਥਾਨ: ਗੁਰਦੁਆਰਾ ਸ਼੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਨੇੜੇ ਕਾਲਾਂਵਾਲੀ ਮੰਡੀ, ਜਿਲ੍ਹਾ ਸਿਰਸਾ (ਹਰਿਆਣਾ) ਵਿਖੇ
ਅਨੰਦ ਕਾਰਜ ਅਤੇ ਗੁਰਮਤਿ ਸਮਾਗਮ
ਮਿਤੀ 18 ਫਰਵਰੀ 2024
ਸਵੇਰੇ 10 ਤੋਂ ਸ਼ਾਮ 3 ਵਜੇ ਤੱਕ
ਸਭਾਗੀਆਂ 21 ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਆਵਾਜ਼ਿ ਕੌਮ AWAZE QAUM International Newspaper & WEB TV
ਸਤਿਕਾਰਯੋਗ ਸੰਤ ਮਹਾਂਪੁਰਖ ਸਮਾਗਮ ਵਿੱਚ 21 ਸੁਭਾਗੇ ਜੋੜਿਆਂ ਨੂੰ ਅਸ਼ੀਰਵਾਦ ਦੇਣਗੇ
ਬਾਬਾ ਜਗਤਾਰ ਸਿੰਘ ਸਿਰਸਾ ਕਾਰ ਸੇਵਾ ਵਾਲੇ
ਬਾਬਾ ਅਮਰੀਕ ਸਿੰਘ ਕਾਰ ਸੇਵਾ ਪਟਿਆਲਾ ਵਾਲੇ
ਸੰਤ ਰਜਿੰਦਰ ਸਿੰਘ ਇਸਰਾਣਾ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਮੁਖੀ ਸੰਪਰਦਾਇ ਸਰਹਾਲੀ ਸਾਹਿਬ
ਸੰਤ ਕਾਹਨ ਸਿੰਘ ਸੇਵਾਪੰਥੀ ਗੋਨਿਆਣਾ ਵਾਲੇ
ਸੰਤ ਹਾਕਮ ਸਿੰਘ ਸਰਹਾਲੀ ਸਾਹਿਬ ਵਾਲੇ
ਸੰਤ ਸੁੱਖਾ ਸਿੰਘ ਕਾਰ ਸੇਵਾ ਕਰਨਾਲ ਵਾਲੇ
ਸੰਤ ਮਨਮੋਹਨ ਸਿੰਘ ਬਾਰਨ ਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
ਸੰਤ ਹਰੀ ਸਿੰਘ ਨਾਨਕਸਰ ਜੀਰੇ ਵਾਲੇ
ਸੰਤ ਪ੍ਰੀਤਮ ਸਿੰਘ ਰਾਜਪੁਰਾ ਵਾਲੇ
ਸੰਤ ਰਣਜੀਤ ਸਿੰਘ ਸੇਵਾਪੰਥੀ ਕਲਾਨੌਰ ਵਾਲੇ
ਸੰਤਰੇਨ ਬਾਬਾ ਲਖਬੀਰ ਸਿੰਘ ਲਲੌਂਡੇ ਵਾਲੇ
ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਵਾਲੇ
ਬਾਬਾ ਭਗਵੰਤ ਸਿੰਘ ਢੀਂਡਸੇ ਵਾਲੇ
ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ
ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲੇ
ਸੰਤ ਗੁਰਪਾਲ ਸਿੰਘ 18 ਐਫ ਰਾਜਸਥਾਨ ਵਾਲੇ
ਬਾਬਾ ਹਰਜਿੰਦਰ ਸਿੰਘ ਬਲਾਚੌਰ ਵਾਲੇ
ਸੰਤ ਸੁਖਦੇਵ ਸਿੰਘ ਨਾਨਕਸਰ ਪਟਿਆਲਾ ਵਾਲੇ
ਬਾਬਾ ਲਾਲ ਸਿੰਘ ਭੀਖੀ ਵਾਲੇ
ਬਾਬਾ ਜੀਵਨ ਸਿੰਘ ਚੁਨਾਗਰੇ ਵਾਲੇ
ਬਾਬਾ ਸੁਖਵਿੰਦਰ ਸਿੰਘ ਘੱਗਾ ਵਾਲੇ
ਬਾਬਾ ਨਾਇਬ ਸਿੰਘ ਬਹਾਦੁਰਗੜ੍ਹ ਵਾਲੇ
ਬਾਬਾ ਜਗਜੀਤ ਸਿੰਘ ਜੀ ਕਕਰਾਲੇ ਵਾਲੇ
ਬਾਬਾ ਜਗੀਰ ਸਿੰਘ ਕਾਹਨੂੰਵਾਨ ਛੰਭ ਵਾਲੇ
ਬਾਬਾ ਪ੍ਰਿਤਪਾਲ ਸਿੰਘ ਮਲੇਸ਼ੀਆ ਵਾਲੇ
ਬਾਬਾ ਗੁਰਪ੍ਰੀਤ ਸਿੰਘ ਮੋਹਲਗੜ੍ਹ ਵਾਲੇ
ਬਾਬਾ ਗੁਰਸੇਵਕ ਸਿੰਘ ਕਲਿਆਣ ਵਾਲੇ
ਬਾਬਾ ਸਰਬਜੋਤ ਸਿੰਘ ਪਟਿਆਲਾ ਵਾਲੇ
ਬਾਬਾ ਬਲਵਿੰਦਰ ਸਿੰਘ ਚਾਂਗਲੀ ਵਾਲੇ
ਬਾਬਾ ਦਰਸ਼ਨ ਸਿੰਘ ਟੌਹੜਾ ਮੁਲੇਪੁਰ ਵਾਲੇ
ਬਾਬਾ ਅਰਜਨ ਸਿੰਘ ਲਹਿਰੀ ਵਾਲੇ
ਬਾਬਾ ਕਰਤਾਰ ਸਿੰਘ ਤਿਲੋਕੇਵਾਲੇ
ਬਾਬਾ ਸਤਨਾਮ ਸਿੰਘ 34 ਸਿੰਘ ਸ਼ਹੀਦਾਂ ਵਾਲੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਚੇਅਰਮੈਨ, ਸੁੱਖ ਸੇਵਾ ਸਿਮਰਨ ਟਰੱਸਟ (ਰਜਿ) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਬੇਨਤੀ ਕਰਤਾ: ਸੁਖ ਸੇਵਾ ਸਿਮਰਨ ਟਰੱਸਟ (ਰਜਿ.), ਪੰਥਕ ਸੇਵਾ ਲਹਿਰ ਦਾਦੂ ਸਾਹਿਬ ਜਥੇਬੰਦੀ ਅਤੇ ਸਮੂੰਹ ਸਾਧ ਸੰਗਤ ਦਾਦੂ ਸਾਹਿਬ ਸਿਰਸਾ ਹਰਿਆਣਾ | 93560-60960


ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਸਰਬ ਰੋਗ ਕਾ ਅਉਖਦ ਨਾਮੁ॥
ਸਲਾਨਾ ਜੋੜ ਮੇਲ ਗੁਰਮਤਿ ਸਮਾਗਮ
ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ।
ਮਿਤੀ 17, 18, 19 ਫਰਵਰੀ 2024 ਦਿਨ ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ
ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਕਲੌਨੀ, ਖਾਲਸਾ ਫਾਰਮ ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ਼ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ) ਵਿਖੇ
ਪ੍ਰੋਗਰਾਮ
ਮਿਤੀ 13 ਫਰਵਰੀ ਤੋਂ 19 ਫਰਵਰੀ ਤੱਕ ਸ਼੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ
ਰੋਜ਼ਾਨਾ ਗੁਰਬਾਣੀ ਸ਼ਬਦ ਗਾਇਨ ਸਮਾਗਮ
ਸਮਾਂ ਸਵੇਰੇ 6.00 ਵਜੇ ਤੋਂ 8.00 ਵਜੇ ਤੱਕ ਸ਼ਾਮ 6.00 ਤੋਂ 8.00 ਵਜੇ ਤੱਕ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
ਮਿਤੀ 18 ਫਰਵਰੀ 2024 ਦਿਨ ਐਤਵਾਰ ਕੀਰਤਨ ਦਰਬਾਰ ਰਾਤ 7.00 ਤੋਂ 10.00 ਵਜੇ ਤੱਕ
ਮਿਤੀ 19 ਫਰਵਰੀ 2024 ਦਿਨ ਸੋਮਵਾਰ ਭੋਗ ਸ਼੍ਰੀ ਅਖੰਡ ਪਾਠ ਸਾਹਿਬ ਲੜੀ ਸਵੇਰੇ 9.00 ਵਜੇ ਤੱਕ ਕੀਰਤਨ ਸਮਾਗਮ ਸਵੇਰੇ 10.00 ਵਜੇ ਤੋਂ ਦੁਪਿਹਰ 2.00 ਵਜੇ ਤੱਕ
ਅੰਮ੍ਰਿਤ ਸੰਚਾਰ ਸਮਾਗਮ: 19 ਫਰਵਰੀ 2024 ਦਿਨ ਸੋਮਵਾਰ ਸਵੇਰੇ 10 ਵਜੇ
ਪਹੁੰਚ ਰਹੇ
WATCH ON YouTube
ਅੰਮ੍ਰਿਤ ਅਭਿਲਾਖੀ ਸੰਗਤਾਂ ਸਮੇਂ ਸਿਰ ਪਹੁੰਚ ਕੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਨ ਜੀ ਅੰਮ੍ਰਿਤ ਪਾਨ ਕਰਨ ਵਾਲੇ ਪ੍ਰਾਣੀਆਂ ਨੂੰ ਫਰੀ ਕਕਾਰ ਦਿੱਤੇ ਜਾਣਗੇ।
ਜਿਹੜੇ ਨੌਜਵਾਨ ਸਿਰ ਉੱਤੇ ਕੇਸ ਰੱਖਣ ਦਾ ਪ੍ਰਣ ਕਰਨਗੇ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਜਲੇਬੀਆਂ ਦਾ ਲੰਗਰ ਅਤੁੱਟ ਵਰਤੇਗਾ।
ਵੱਲੋਂ: ਸਮੂਹ ਇਲਾਕਾ ਨਿਵਾਸੀ ਸੰਗਤਾਂ ਅਤੇ ਖਾਲਸਾ ਫਾਰਮ, ਭੀਖੀ (ਮਾਨਸਾ)
ਸੰਪਰਕ ਨੰਬਰ. 98141-09794, 98781-59576, 95699-91433
ਬਾਬਾ ਹਰਜਿੰਦਰ ਸਿੰਘ ਜੀ (ਖਾਲਸਾ ਫਾਰਮ) ਭੀਖੀ ਵਾਲੇ


ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਸਲਾਨਾ ਜੋੜ ਮੇਲ ਗੁਰਮਤਿ ਸਮਾਗਮ
ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮੁ ਸੁਹੇਲਾ।
19 ਫਰਵਰੀ 2024 ਦਿਨ ਸੋਮਵਾਰ ਨੂੰ
ਸਥਾਨ: ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਕਲੌਨੀ, ਖਾਲਸਾ ਫਾਰਮ ਨੇੜੇ ਬਿਜਲੀ ਗਰਿੱਡ, ਭੀਖੀ (ਮਾਨਸਾ) (ਰਿਹਾਇਸ਼ ਬਾਬਾ ਹਰਜਿੰਦਰ ਸਿੰਘ ਜੀ ਭੀਖੀ ਵਾਲੇ) ਵਿਖੇ
ਫਰੀ ਮੈਡੀਕਲ ਕੈਂਪ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ
ਬਾਬਾ ਹਰਜਿੰਦਰ ਸਿੰਘ ਜੀ (ਖਾਲਸਾ ਫਾਰਮ) ਭੀਖੀ ਵਾਲੇ
ਚੰਡੀਗੜ੍ਹ ਹਸਪਤਾਲ ਦਾ ਸੰਪਰਕ ਨੰਬਰ 86408-62000
* ਡਾ. ਦਵਿੰਦਰ ਰਾਵਤ MD
* ਡਾ. ਦੀਪ ਸਿੰਘ ਮਾਨ MD
* ਡਾ. ਮਨਪ੍ਰੀਤ ਸਿੰਘ ਮੈਨੇਜਿੰਗ ਡਾਇਰੈਕਟਰ
* ਡਾ. ਹਰਭਜਨ ਸਰਮਾਂ ਅੱਖਾਂ ਵਾਲੇ ਡਾਕਟਰ
* ਡਾ. ਜੀਵਨ ਸਿੰਘ ਮੈਨੇਜਰ,
* ਬੀਰਬਲ ਸਿੰਘ PRO ਰੱਲਾ
ਅੱਖਾਂ ਦਾ ਚੈਕਅੱਪ, ਫਰੀ ਦਵਾਈਆਂ, ਬੀ.ਪੀ. ਸ਼ੂਗਰ ਤੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਚੈੱਕਅੱਪ ਕਰਕੇ ਫਰੀ ਦਵਾਈ ਦਿੱਤੀ ਜਾਵੇਗੀ।
ਵੱਲੋਂ: ਚੰਡੀਗੜ੍ਹ ਹਸਪਤਾਲ, ਥਾਣਾ ਰੋਡ, ਭੀਖੀ




# ਉਹ ਜਦੋਂ ਗੱਲ ਕਰਦਾ ਤਾਂ ਉਹਦੇ ਬੁੱਲ੍ਹਾਂ ਤੇ ਅਠਾਰਵੀਂ ਸਦੀ ਦੇ ਸਿੰਘਾਂ ਦੀ ਇਬਾਰਤ ਹੁੰਦੀ



**ਉਹ ਕੇਸਰੀ** ਪੱਗ ਬੰਨ੍ਹਣ ਲੱਗ ਪਿਆ ਸੀ , ਦਾੜ੍ਹੀ ਵਧਾਉਣ ਲੱਗ ਪਿਆ ਸੀ , ਉਹ ਖਾੜਕੂ ਸਿੰਘਾਂ ਵਾਂਗੂੰ ਗਲ੍ਹ ਵਿੱਚ ਲੋਈ ਪਾ ਕੇ ਮੋਢੇ ਉੱਤੋਂ ਦੀ ਸੁੱਟਣ ਲੱਗ ਪਿਆ ਸੀ , ਉਹਦੇ ਮੁਖ ਉਤਲਾ ਨੂਰ ਦਿਨੋਂ ਦਿਨ ਗੂੜ੍ਹਾ ਹੁੰਦਾ ਜਾ ਰਿਹਾ ਸੀ , ਉਹਦੀਆਂ ਅੱਖਾਂ 'ਚ ਚਮਕ , ਸੀਨੇ 'ਚ ਦਰਦ ਤੇ ਚਿਹਰੇ ਤੇ ਅਲੌਕਿਕ ਨੂਰ ਸੀ ।

ਉਹ ਜਦੋਂ ਗੱਲ ਕਰਦਾ ਤਾਂ ਉਹਦੇ ਬੁੱਲ੍ਹਾਂ ਤੇ ਅਠਾਰਵੀਂ ਸਦੀ ਦੇ ਸਿੰਘਾਂ ਦੀ ਇਬਾਰਤ ਹੁੰਦੀ ।

ਕਿਸਾਨ ਲੀਡਰਾਂ ਨੇ ਕਿਸਾਨੀ ਬਿੱਲਾਂ ਦੇ ਵਿਰੋਧ 'ਚ ਉਹੋ ਪੁਰਾਣੇ ਸਟੈਲ ਅਨੁਸਾਰ ਰੇਲ - ਪਟੜੀਆਂ ਮੱਲ ਲਈਆਂ , ਫੇਰ ਇੱਕ ਦਿਨ ਉਹ ਬੰਬਿਉਂ ਆਇਆ ਤੇ ਜਵਾਨੀ ਦੀ ਬਾਂਹ ਫੜਕੇ ਬਾਡਰ ਤੇ ਲੈ ਗਿਆ , ਜਦੋਂ ਉਹਨੇ ਦਿੱਲੀ ਦੇ ਕਿੰਗਰੇ ਢਾਹੁਣ ਦੀ ਤਿਆਰੀ ਕਰਦਿਆਂ ਪਰਨੇ ਦਾ ਪਹਿਲਾ ਲੜ ਲਾਇਆਂ ਤਾਂ ਹਜ਼ਾਰਾਂ ਮੁੰਡਿਆਂ ਨੇ ਟਰੈਕਟਰ ਰਾਜਧਾਨੀ ਵੱਲ ਨੂੰ ਸਿੱਧੇ ਕਰ ਦਿੱਤੇ , ਉਹਨੇ ਦਿੱਲੀ ਪਹੁੰਚ ਕੇ ਕੌਮ ਖਿਲਾਫ ਬਿਰਤਾਂਤ ਘੜਨ ਵਾਲਿਆਂ ਦੇ ਬਿਰਤਾਂਤ ਤੱਥਾਂ - ਦਲੀਲਾਂ ਨਾਲ ਤੋੜੇ ।

ਉਸ ਤੇ ਤੁਹਮਤਾਂ ਲੱਗਦੀਆਂ ਗਈਆਂ , ਉਹ ਨਿੱਖਰਦਾ ਗਿਆ , ਉਸਨੂੰ ਦਬਾਇਆ ਗਿਆ , ਉਹ ਉੱਭਰਦਾ ਗਿਆ , ਉਸਨੇ ਫ਼ਸਲ ਦੀ ਲੜਾਈ ਪਿੱਛੇ ਲੁਕੀ ਨਸਲ ਦੀ ਲੜਾਈ ਨੂੰ ਡੀਕੋਡ ਕਰਕੇ ਘਰ - ਘਰ ਤਕ ਪਹੁੰਚਾਇਆ , ਕਰੋੜਾਂ ਦੇ ਮਾਲਕ ਨੂੰ ਕੀ ਲੋੜ ਸੀ ਟੈਂਟਾਂ 'ਚ ਸੌਣ ਦੀ , ਡਾਇਨਿੰਗ ਟੇਬਲਾਂ ਤੇ ਬਹਿ ਕੇ ਰੋਟੀ ਖਾਣ ਵਾਲਾ ਚੁੱਲ੍ਹੇ ਦੇ ਦੁਆਲੇ ਬਹਿ ਹੱਥ ਤੇ ਪ੍ਰਸ਼ਾਦਾ ਰੱਖ ਉੱਤੇ ਦਾਲ ਪਵਾ ਕੇ ਸਿਆਲੀ ਰਾਤਾਂ ਵਿੱਚ ਪਿੰਡਾਂ ਵਾਲਿਆਂ ਨੂੰ 'ਨਿਊ ਵਰਲਡ ਔਡਰ' ਸਮਝਾਉਂਦਾ ਰਿਹਾ , ਕਦੇ ਸੁਣਿਆ ਜਾਂ ਵੇਖਿਆ ਸੀ ਕਿ ਕਿਸੇ ਦੀ ਬਲਦੀ ਚਿਖਾ ਤੇ ਖਲ੍ਹੋ ਕੇ ਮੁੰਡੇ ਅੰਮ੍ਰਿਤ ਦਾ ਦਾਨ ਮੰਗਣ , ਕਦੀ ਕਿਸੇ ਦੇ ਫੁੱਲਾਂ ਦੀ ਵੀ ਰਾਖੀ ਕਰਨੀ ਪਈ ਹੋਵੇ ਕਿਉਂਕਿ ਲੋਕ ਮਰਜੀਵੜੇ ਦੀ ਰਾਖ ਝੋਲੀਆਂ 'ਚ ਪਾ ਕੇ ਘਰਾਂ ਨੂੰ ਲਿਜਾ ਰਹੇ ਸਨ ।

ਉਹ ਦੀਪ ਸੀ ਤੇ 'ਦੀਪ' ਹੈ , ਦੀਪ ਕਦੇ ਬੁਝਦੇ ਨਹੀਂ ਹੁੰਦੇ , ਦੀਪ ਉਦੋਂ ਵੀ ਬਲਦੇ ਹੁੰਦੇ ਹਨ ਜਦੋਂ ਸੂਰਜ ਲੱਥ ਜਾਣ , ਚੰਦਰਮਾਂ ਬੱਦਲਾਂ ਉਹਲੇ ਹੋ ਜਾਣ , ਸ਼ਹੀਦ ਜਿਸ ਦਿਨ ਆਪਣੇ ਸੁਆਸਾਂ ਦੀ ਪੂੰਜੀ ਤਿਆਗਦਾ ਹੈ ਉਸ ਦਿਨ ਤਾਂ ਉਹਦਾ ਅਸਲੀ ਜੀਵਨ ਸ਼ੁਰੂ ਹੁੰਦਾ ਹੈ , ਰਹਿੰਦੀ ਦੁਨੀਆ ਤੱਕ ਲੋਕਾਈ ਉਸਦੇ ਕੌਮ ਪ੍ਰਤੀ ਇਸ਼ਕ ਦੇ ਅਕੀਦੇ ਪੜ੍ਹਦੀ ਰਹੇਗੀ , "ਪੰਥ ਕੀ ਜੀਤ" ਕਹਿੰਦਿਆਂ ਹਵਾ ਵਿੱਚ ਨਿਸ਼ਾਨ ਸਾਹਿਬ ਝੁਲਾਉਂਦੇ ਦਾ ਉਹਦਾ ਨੂਰਾਨੀ ਤੇ ਸਾਊ ਮੁਖੜਾ ਸਾਡੀਆਂ ਅੱਖਾਂ ਅੱਗੇ ਘੁੰਮਦਾ ਰਹੇਗਾ ਤੇ "ਦੀਪ" ਸਦਾ ਜਗਦਾ ਰਹੇਗਾ...!!!!!

"ਦੇਗ. ਤੇਗ. ਫ਼ਤਿਹ"

**ਬਾ ਕਮਾਲ ਸੋਸ਼ਲ ਮੀਡੀਆ ਲਿਖਤ**
**ਪਰਗਟ ਸਿੰਘ ਬਲ੍ਹਬੇੜ੍ਹਾ**

ਆਵਾਜ਼ਿ ਕੌਮ AWAZE QAUM International Newspaper & WEB TV

# ਐਸ.ਪੀ.ਡੀ. ਰਮਿੰਦਰ ਸਿੰਘ ਦਿਓਲ ਨੇ ਪੁਲਿਸ ਜ਼ਿਲ੍ਹਾ ਬਟਾਲਾ ਦਾ ਚਾਰਜ ਸੰਭਾਲਿਆ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 17 ਫ਼ਰਵਰੀ (ਕੁਲਜੀਤ ਸਿੰਘ ਖੋਖਰ)**-ਪੁਲਿਸ ਜ਼ਿਲ੍ਹਾ ਬਟਾਲਾ ਵਿਖੇ ਨਵੇਂ ਆਏ ਐਸ.ਪੀ.ਡੀ.ਰਮਿੰਦਰ ਸਿੰਘ ਦਿਓਲ ਨੇ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਵਿਸ਼ੇਸ਼ ਮਿਲਣੀ ਸਮੇਂ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਹਮੇਸ਼ਾ ਵਚਨਬੱਧ ਹੈ ਅਤੇ ਲੋਕਾਂ ਦੀ ਸੁਰੱਖਿਆ ਅਤੇ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ਉਹਨਾਂ ਨੇ ਕਿਹਾ ਕਿ ਗਲਤ ਕੰਮ ਕਰਨ ਵਾਲੇ ਅਤੇ ਨਸ਼ੇ ਦੇ ਸੌਦਾਗਰਾਂ, ਸ਼ਰਾਰਤੀ ਅਨਸਰਾਂ ਅਤੇ ਕਨੂੰਨ ਨੂੰ ਤੋੜਨ ਵਾਲੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਖਿਲਾਫ ਕਨੂੰਨ ਮੁਤਾਬਕ ਸਖਤ ਕਾਰਵਾਈ ਕੀਤੀ ਜਾਵੇਗੀ। ਸ਼ਹਿਰ ਵਿੱਚ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਅਤੇ ਅਪਰਾਧਾਂ ਨੂੰ ਰੋਕਣ ਲਈ ਪੁਲਿਸ ਦਾ ਬਿਨਾਂ ਕਿਸੇ ਡਰ ਭੈਅ ਤੋਂ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬੁਰਾਈਆਂ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕੇ। ਉਹਨਾਂ ਨੇ ਕਿਹਾ ਪੁਲਿਸ ਲੋਕਾਂ ਦੀ ਸੁਰੱਖਿਆ ਲਈ ਹਮੇਸ਼ਾ ਵਚਨਬੱਧ ਹੈ ਅਤੇ ਲੋਕਾਂ ਦੀ ਮਦਦ ਲਈ ਪੁਲਿਸ ਦੇ ਦਰਵਾਜ਼ੇ ਹਰ ਵਿਅਕਤੀ ਲਈ ਹਮੇਸ਼ਾ ਖੁੱਲ੍ਹੇ ਹਨ ਅਤੇ ਆਉਣ ਵਾਲੇ ਹਰੇਕ ਵਿਅਕਤੀ ਦਾ ਮਾਨ ਸਨਮਾਨ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




## ਬਰਸੀ 'ਤੇ ਵਿਸ਼ੇਸ਼ — ਪੰਥ ਪ੍ਰਸਿੱਧ ਵਿਦਵਾਨ ਤੇ ਗੁਰਮਤਿ ਪ੍ਰਚਾਰਕ ਸਨ : ਗਿਆਨੀ ਸੰਤ ਸਿੰਘ ਮਸਕੀਨ

**ਗਿਆਨੀ** ਸੰਤ ਸਿੰਘ ਮਸਕੀਨ ਪੰਥ ਦੇ ਪ੍ਰਸਿੱਧ ਵਿਆਖਿਆਕਾਰ ਹੋਏ ਸਨ। ਉਹਨਾਂ ਦੇ ਜੀਵਨ ਦਾ ਇੱਕੋ-ਇੱਕ ਨਿਸ਼ਾਨਾ ਗੁਰਮਤਿ ਪ੍ਰਚਾਰ ਸੀ। ਉਹ ਦਲੇਰ ਤੇ ਧਾਰਮਿਕ ਜੀਵਨ ਵਾਲੇ ਗੁਰਸਿੱਖ ਸਨ। ਗੁਰਮਤਿ ਦੇ ਵਿਸ਼ਵ ਵਿਆਖਿਆਕਾਰ ਤੇ ਮਹਾਨ ਕਥਾਵਾਚਕ ਗਿਆਨੀ ਸੰਤ ਸਿੰਘ ਮਸਕੀਨ ਦਾ ਜਨਮ 1 ਜਨਵਰੀ ਸੰਨ 1934 ਈ: ਨੂੰ ਪਿਤਾ ਸ੍ਰ: ਕਰਤਾਰ ਸਿੰਘ ਦੇ ਘਰ ਮਾਤਾ ਰਾਮ ਕੌਰ ਜੀ ਦੀ ਕੁੱਖੋਂ ਕਸਬਾ ਲੱਕ ਮਰਵਤ ਜ਼ਿਲ੍ਹਾ ਬੰਨੂ (ਪਾਕਿਸਤਾਨ) ਵਿਖੇ ਹੋਇਆ। ਉਹਨਾਂ ਨੇ ਮੁੱਢਲੀ ਵਿੱਦਿਆ ਖ਼ਾਲਸਾ ਸਕੂਲ ਪਾਕਿਸਤਾਨ ਤੋਂ ਪ੍ਰਾਪਤ ਕੀਤੀ, ਉਪਰੰਤ ਗੌਰਮਿੰਟ ਹਾਈ ਸਕੂਲ ਵਿੱਚ ਦਾਖ਼ਲ ਹੋ ਗਏ ਪਰ 1947 ਵਿੱਚ ਦੇਸ਼ ਦੀ ਵੰਡ ਹੋਣ ਕਾਰਨ ਮੈਟ੍ਰਿਕ ਦਾ ਇਮਤਿਹਾਨ ਨਾ ਦੇ ਸਕੇ। ਦੇਸ਼ ਵੰਡ ਤੋਂ ਬਾਅਦ ਗਿਆਨੀ ਜੀ ਰਾਜਸਥਾਨ ਦੇ ਜ਼ਿਲ੍ਹਾ ਬਹਾਦਰਪੁਰ ਵਿੱਚ ਅਲਵਰ ਵਿਖੇ ਵੱਸ ਗਏ।

1952 ਵਿੱਚ ਉਹਨਾਂ ਦੇ ਪਿਤਾ ਕਰਤਾਰ ਸਿੰਘ ਦਾ ਦਿਹਾਂਤ ਹੋ ਗਿਆ। ਉਹ ਬਹੁਤ ਉਦਾਸ ਹੋ ਗਏ। ਗਿਆਨੀ ਜੀ ਰੁਚੀਆਂ ਦੀ ਪ੍ਰਬਲਤਾ ਦੇ ਕਾਰਨ ਧਾਰਮਿਕ ਸੰਤ ਬਣ ਗਏ। ਬੈਜਨਾਥ ਧਾਮ ਤੇ ਕਟਕ ਆਦਿ ਥਾਵਾਂ ਤੇ ਵਿਚਰਦੇ ਰਹੇ। ਉਹਨਾਂ ਨਿਰਮਲੇ ਬਾਬਾ ਗਿਆਨੀ ਬਲਵੰਤ ਸਿੰਘ ਜੀ ਪਾਸੋਂ ਬ੍ਰਹਮ ਵਿੱਦਿਆ ਹਾਸਲ ਕੀਤੀ। ਬਾਬਾ ਜੀ ਦੀ ਸੰਗਤ ਸਦਕਾ ਕਥਾ ਕਰਨੀ ਆਰੰਭ ਕਰ ਦਿੱਤੀ। ਉਹਨਾਂ ਦੀ ਕਥਾ ਵਿੱਚ ਏਨਾ ਰਸ ਸੀ ਕਿ ਸੰਗਤ ਦੂਰ-ਦੂਰ ਤੋਂ ਕਥਾ ਸੁਣਨ ਲਈ ਆਉਂਦੀ ਸੀ। ਇਹਨਾਂ ਸਤਰਾਂ ਦੇ ਲੇਖਕ ਨੂੰ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਉਹਨਾਂ ਦੀ ਕਥਾ/ਗੁਰਮਤਿ ਵਿਚਾਰਾਂ ਸੁਣਨ ਦਾ ਮੌਕਾ ਪ੍ਰਾਪਤ ਹੋਇਆ। ਜਦੋਂ ਮਸਕੀਨ ਜੀ ਕਥਾ ਕਰਦੇ ਸਨ ਤਾਂ ਸੰਗਤ ਇੱਕ ਮਨ ਇੱਕ ਚਿੱਤ ਹੋ ਕੇ ਸਰਵਣ ਕਰਦੀ ਸੀ। ਮਸਕੀਨ ਜੀ ਦੇ ਕਥਾ ਕਰਨ ਦਾ ਢੰਗ ਆਮ ਕਥਾਕਾਰਾਂ ਨਾਲੋਂ ਨਿਵੇਕਲਾ ਸੀ। ਉਹ ਸੰਗਤ ਨੂੰ ਬਹੁਤ ਹੀ ਨਿਮਰਤਾ ਨਾਲ ਸਟੀਕ ਟਿਪਣੀਆਂ ਕਰਿਆ ਕਰਦੇ ਸਨ।

ਮਸਕੀਨ ਜੀ ਰੋਜ਼ਾਨਾ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਬਾਅਦ ਨਿੱਤ-ਨੇਮ ਕਰਦੇ, ਉਪਰੰਤ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਕਰਦੇ ਫਿਰ ਕੁਝ ਸਮਾਂ ਕੀਰਤਨ ਸੁਣਦੇ। ਉਹਨਾਂ ਨੂੰ ਮਸਕੀਨ 'ਲਕਬ' ਬਾਬਾ ਬਲਵੰਤ ਸਿੰਘ ਜੀ ਨੇ ਦਿੱਤਾ। ਉਹਨਾਂ ਸੰਗਤਾਂ ਨੂੰ ਪ੍ਰੇਰ ਕੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ। ਗੁਰਦੁਆਰਾ ਸਾਹਿਬ ਵਿੱਚ ਰਹਿਣ ਸਮੇਂ ਭਜਨ ਤੇ ਸਤਿਸੰਗ ਦਾ ਅਨੰਦ ਮਾਣਨ ਲਈ ਉਹਨਾਂ ਕੋਲ ਸੰਤ ਮਹਾਂਪੁਰਸ਼ ਆ ਕੇ ਠਹਿਰਦੇ ਸਨ। ਉਹਨਾਂ ਕੋਲ ਜੋ ਮਾਇਆ ਆਉਂਦੀ ਉਹ ਗੁਰਦੁਆਰੇ ਦੀ ਇਮਾਰਤ ਦੇ ਖ਼ਰਚ ਪੂਰੇ ਕਰਕੇ ਸਾਧੂ-ਸੰਤਾਂ ਨੂੰ ਵੰਡ ਦਿੰਦੇ।



1958 ਵਿੱਚ ਉਹਨਾਂ ਦਾ ਵਿਆਹ ਬੀਬੀ ਸੁੰਦਰ ਕੌਰ ਨਾਲ ਹੋਇਆ। ਉਹਨਾਂ ਗ੍ਰਹਿਸਥੀ ਜੀਵਨ ਦੇ ਨਾਲ-ਨਾਲ ਪ੍ਰਚਾਰ ਕਰਨ ਦਾ ਕੰਮ ਵੀ ਜਾਰੀ ਰੱਖਿਆ। 1960 ਵਿੱਚ ਉਹਨਾਂ ਆਪਣੇ ਗ੍ਰਹਿ ਵਿਖੇ ਗੁਰਮਤਿ ਸਮਾਗਮਾਂ ਦੀ ਸ਼ੁਰੂਆਤ ਕੀਤੀ। ਅਲਵਰ ਵਿਖੇ ਗੁਰੂ ਨਾਨਕ ਪਬਲਿਕ ਸਕੂਲ ਤੇ ਸ਼੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗਿਆਨੀ ਜੀ ਦੀ ਦੇਖ-ਰੇਖ ਵਿੱਚ ਚੱਲ ਰਹੇ ਸਨ। ਇਹਨਾਂ ਸਕੂਲਾਂ ਵਿੱਚ ਪੜ੍ਹਦੇ ਗ਼ਰੀਬ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਤੇ ਵਰਦੀਆਂ ਦਿੰਦੇ ਸਨ। ਇਹਨਾਂ ਸਕੂਲਾਂ ਦਾ ਖ਼ਰਚਾ ਵੀ ਜ਼ਿਆਦਾਤਰ ਗਿਆਨੀ ਜੀ ਕਰਦੇ ਸਨ। ਅਲਵਰ ਵਿਖੇ ਮਸਕੀਨ ਜੀ ਦੀ ਸਰਪ੍ਰਸਤੀ ਹੇਠ ਸਾਲਾਨਾ ਗੁਰਮਤਿ ਸਮਾਗਮ 1, 2 ਤੇ 3 ਮਾਰਚ ਨੂੰ ਕਰਵਾਇਆ ਜਾਂਦਾ ਸੀ। ਇਸ ਸਮਾਗਮ ਵਿੱਚ ਦੂਰ-ਦੂਰ ਤੋਂ ਪੰਥ ਪ੍ਰਸਿੱਧ ਕੀਰਤਨੀਏ, ਪ੍ਰਚਾਰਕ, ਕਥਾ-ਵਾਚਕ, ਢਾਡੀ, ਕਵੀ ਸੌ ਤੋਂ ਵੀ ਵੱਧ ਸ਼ਾਮਲ ਹੁੰਦੇ। ਮਸਕੀਨ ਜੀ ਸਭ ਨੂੰ ਸਿਰੋਪੇ ਅਤੇ ਦੁਸ਼ਾਲੇ ਭੇਟ ਕਰਦੇ ਤੇ ਹਰ ਇੱਕ ਨੂੰ ਮਾਇਆ ਦਿੰਦੇ। ਸਭ ਦਾ ਸਨਮਾਨ ਕਰਦੇ। ਇਸ ਸਮਾਗਮ ਦਾ ਅਲੌਕਿਕ ਨਜ਼ਾਰਾ ਦੇਖਣਯੋਗ ਹੁੰਦਾ ਸੀ। ਮਸਕੀਨ ਜੀ ਗਿਆਨ ਦੇ ਭੰਡਾਰ ਸਨ। ਉਹਨਾਂ ਨੂੰ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਅਰਬੀ, ਫ਼ਾਰਸੀ ਭਾਸ਼ਾਵਾਂ ਦਾ ਗੂੜ੍ਹਾ ਗਿਆਨ ਸੀ। ਮਸਕੀਨ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿੱਖ ਇਤਿਹਾਸ ਤੇ ਸਿੱਖ ਧਰਮ ਨਾਲ ਸੰਬੰਧਿਤ ਪੁਰਾਤਨ ਤੇ ਵਰਤਮਾਨ ਗ੍ਰੰਥਾਂ ਦਾ ਡੂੰਘਾ ਗਿਆਨ ਸੀ। ਉਹ ਕਥਾ ਕਰਦੇ ਸਮੇਂ ਅਨੇਕਾਂ ਹੀ ਅਰਬੀ, ਫ਼ਾਰਸੀ ਦੇ ਸ਼ੇਅਰ ਪੇਸ਼ ਕਰਕੇ ਉਹਨਾਂ ਦੇ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ। ਉਹਨਾਂ ਨੇ ਦਸਮ ਗ੍ਰੰਥ, ਵੇਦਾਂ, ਉਪਨਿਸ਼ਦਾਂ ਅਤੇ ਸੰਸਕ੍ਰਿਤ ਸਾਹਿਤ ਦਾ ਮੁਤਾਲਿਆ ਕੀਤਾ ਹੋਇਆ ਸੀ। ਡਾ: ਅਲਾਮਾ ਇਕਬਾਲ, ਮਿਰਜ਼ਾ ਗਾਲਿਬ, ਮੀਰ ਤਕੀ ਮੀਰ ਵਰਗੇ ਉਸਤਾਦ ਸ਼ਾਇਰਾਂ ਦੇ ਕਲਾਮ ਉਹਨਾਂ ਨੂੰ ਜ਼ੁਬਾਨੀ ਯਾਦ ਸਨ। ਉਹ ਸਿੱਖ ਧਰਮ ਦੇ ਇਨਸਾਈਕਲੋਪੀਡੀਆ ਸਨ। ਉਹਨਾਂ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਸਿੱਖ ਗੁਰੂਆਂ ਦੀਆਂ ਸਿਖਿਆਵਾਂ ਪੂਰੇ ਸੰਸਾਰ ਵਿੱਚ ਫੈਲਾਉਣ ਲਈ ਵਰਣਨਯੋਗ ਕੰਮ ਕੀਤਾ। ਮਸਕੀਨ ਜੀ ਨੇ 50 ਸਾਲ ਤੱਕ ਦੇਸ਼ਾਂ-ਵਿਦੇਸ਼ਾਂ (ਕੁਵੈਤ, ਡੁਬਈ, ਥਾਈਲੈਂਡ, ਨਿਊਜ਼ੀਲੈਂਡ, ਸਿੰਗਾਪੁਰ, ਕਨੇਡਾ, ਅਮਰੀਕਾ, ਜਪਾਨ, ਬੈਲਜੀਅਮ, ਡੈਨਮਾਰਕ, ਸਵੀਡਨ, ਹਾਲੈਂਡ, ਨੈਰੋਬੀ, ਮਲੇਸ਼ੀਆ, ਆਸਟਰੇਲੀਆ, ਈਰਾਨ, ਪਾਕਿਸਤਾਨ, ਕਤਰ, ਕੀਨੀਆ, ਬਹਿਰੀਨ) ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ। ਉਹ ਆਪਣੀ ਗੱਲ ਨੂੰ ਬਹੁਤ ਹੀ ਸਰਲ ਤੇ ਸਾਦੇ ਸ਼ਬਦਾਂ ਵਿੱਚ ਅਤੇ ਵੱਖ-ਵੱਖ ਦ੍ਰਿਸ਼ਟਾਂਤ ਤੇ ਵਾਰ-ਵਾਰ ਗੱਲ ਕਰਕੇ ਦੱਸਣ ਦੀ ਉਹਨਾਂ ਨੇ ਨਿਵੇਕਲੀ ਸ਼ੈਲੀ ਵਿਕਸਤ ਕੀਤੀ ਹੋਈ ਸੀ। ਉਹ ਇੱਕ ਗੱਲ ਨੂੰ ਵਾਰ-ਵਾਰ ਗੱਲ ਕਰਦੇ ਤਾਂ ਜੋ ਸੰਗਤਾਂ ਨੂੰ ਉਹਨਾਂ ਦਾ ਦੱਸਿਆ ਨੁਕਤਾ ਸਮਝ ਆ ਸਕੇ। ਮਸਕੀਨ ਜੀ ਜੋ ਕਹਿੰਦੇ ਉਸ ਤੇ ਅਮਲ ਵੀ ਕਰਦੇ ਸਨ। ਇਹੀ ਕਾਰਨ ਹੈ ਕਿ ਉਹਨਾਂ ਦੀ ਕਥਾ ਵਿਆਖਿਆ ਦਾ ਅਸਰ ਸੰਗਤਾਂ ਵਿੱਚ ਰਚ-ਮਿਚ ਜਾਂਦਾ ਸੀ। ਉਹਨਾਂ ਦਾ ਲਿਬਾਸ ਬਹੁਤ ਸਾਦਾ ਸੀ। ਮਸਕੀਨ ਜੀ ਦੇਸ਼ ਵਿਦੇਸ਼ ਵਿੱਚ ਪ੍ਰਚਾਰ ਕਰਨ ਲਈ ਜਿੱਥੇ ਵੀ ਜਾਂਦੇ, ਰਿਹਾਇਸ਼ ਉਹ ਆਪਣੀ ਗੁਰਦੁਆਰਾ ਸਾਹਿਬ ਹੀ ਰੱਖਦੇ ਸਨ। ਪ੍ਰਸ਼ਾਦਾ ਵੀ ਉਹ ਗੁਰਦੁਆਰਾ ਸਾਹਿਬ ਵਿੱਚ ਹੀ ਛਕਦੇ ਸਨ। ਜਦ ਕਿ ਕਈ ਪ੍ਰੇਮੀ ਉਹਨਾਂ ਨੂੰ ਆਪਣੇ ਘਰ ਲਿਜਾਉਣ ਲਈ ਵੀ ਜ਼ੋਰ ਪਾਉਂਦੇ ਸਨ।

ਗਿਆਨੀ ਸੰਤ ਸਿੰਘ ਜੀ ਮਸਕੀਨ ਵੱਲੋਂ ਭਾਰਤ ਵਿੱਚ ਹਰ ਸਾਲ ਫ਼ਰੀਦਾਬਾਦ, ਆਗਰਾ, ਕਾਨਪੁਰ, ਜੈਪੁਰ, ਕੋਲਕਾਤਾ, ਮਦਰਾਸ, ਮੁੰਬਈ, ਬੰਗਲੌਰ ਆਦਿ ਥਾਵਾਂ ਤੇ ਗੁਰਮਤਿ ਸਮਾਗਮ ਕਰਵਾਏ ਜਾਂਦੇ ਸਨ। ਮਸਕੀਨ ਜੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਵਸ ਤੇ ਪਟਨਾ ਸਾਹਿਬ ਵਿਖੇ, ਸ਼੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਅਤੇ ਦੀਵਾਲੀ ਤੇ ਸਿੱਖਾਂ ਦੇ ਕੇਂਦਰੀ ਧਾਰਮਿਕ ਅਸਥਾਨ ਸੱਚ-ਖੰਡ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅਤੇ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿੱਚ ਸਵੇਰੇ-ਸ਼ਾਮ ਕਥਾ ਅਤੇ ਗੁਰਬਾਣੀ ਦੀ ਵਿਆਖਿਆ 40 ਸਾਲ ਤੋਂ ਕਰਦੇ ਰਹੇ ਸਨ। ਉਹਨਾਂ ਨੇ ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਕਦੇ ਵੀ ਕੋਈ ਭੇਟਾ ਨਹੀਂ ਲਈ ਸੀ। ਮਸਕੀਨ ਜੀ ਜਿੱਥੇ ਚੰਗੇ ਬੁਲਾਰੇ ਸਨ। ਉੱਥੇ ਉਹ ਕਲਮ ਦੇ ਧਨੀ ਵੀ ਸਨ। ਉਹਨਾਂ ਨੇ ਜਪੁ ਨੀਸਾਣ, ਗੁਰੂ ਚਿੰਤਨ, ਗੁਰੂ ਜੋਤੀ, ਬ੍ਰਹਮ-ਗਿਆਨ, ਤੀਜਾ ਨੇਤਰ, ਪੰਜ ਤੱਤ, ਧਰਮ ਤੇ ਮਨੁੱਖ, ਮਸਕੀਨ ਜੀ ਦੇ ਲੈਕਚਰ ਸਮੇਤ ਇੱਕ ਦਰਜਨ ਤੋਂ ਵੱਧ ਪੁਸਤਕਾਂ ਸਿੱਖ ਜਗਤ ਨੂੰ ਭੇਟ ਕੀਤੀਆਂ।

ਮਸਕੀਨ ਜੀ ਦੇ ਲੈਕਚਰ ਕੈਸਿਟਾਂ ਅਤੇ ਸੀਡੀਜ਼ ਰਾਹੀਂ ਵੀ ਮਾਰਕਿਟ ਵਿੱਚ ਉਪਲਬਧ ਹਨ। ਈ.ਟੀ.ਸੀ. ਪੰਜਾਬੀ ਚੈਨਲ ਤੋਂ ਰੋਜ਼ਾਨਾ ਸਵੇਰੇ 8:30 ਵਜੇ ਤੋਂ ਲੈ ਕੇ 9 ਵਜੇ ਤੱਕ ਉਹਨਾਂ ਦੀ ਕਥਾ ਲੜੀਵਾਰ ਆਉਂਦੀ ਰਹੀ, ਜਿਸ ਦਾ ਲੱਖਾਂ ਸੰਗਤਾਂ ਨੇ ਘਰ ਬੈਠ ਕੇ, ਸੁਣ ਕੇ ਜਨਮ ਸਫਲ ਕੀਤਾ ਹੈ। ਅੱਜ ਵੀ ਐਮ.ਐਚ 1 ਤੇ ਹੋਰ ਪੰਜਾਬੀ ਦੇ ਕਈ ਚੈਨਲ ਕੈਸਿਟਾਂ/ਸੀਡੀਆਂ ਦੁਆਰਾ ਕਥਾ ਨੂੰ ਸਵੇਰੇ-ਸ਼ਾਮ ਪ੍ਰਸਾਰਿਤ ਕਰ ਰਹੇ ਹਨ। ਜਿਸ ਨੂੰ ਕਥਾ ਪ੍ਰੇਮੀ ਬੜੀ ਸ਼ਰਧਾ ਤੇ ਪ੍ਰੇਮ ਨਾਲ ਸੁਣਦੇ ਹਨ।

ਮਸਕੀਨ ਜੀ ਨੂੰ ਪੰਥ ਰਤਨ ਦੀ ਉਪਾਧੀ ਤੇ ਦੇਸ਼ਾਂ-ਵਿਦੇਸ਼ਾਂ ਵਿੱਚ ਅਨੇਕਾਂ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। 28 ਮਾਰਚ ਸੰਨ 2005 ਈ: ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਮਸਕੀਨ ਜੀ ਨੂੰ ਗੁਰਪੁਰੀ ਪਿਆਨਾ ਕਰਨ ਉਪਰੰਤ 'ਗੁਰਮਤਿ ਵਿੱਦਿਆ ਮਾਰਤੰਡ' ਦੀ ਉਪਾਧੀ ਨਾਲ ਨਿਵਾਜਿਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਵੱਲੋਂ ਸਨਮਾਨ ਪੱਤਰ, ਤਸ਼ਤਰੀ, ਸਿਰੋਪਾਉ, ਸਿਰੀ ਸਾਹਿਬ ਨਾਲ ਮਸਕੀਨ ਜੀ ਦੀ ਧਰਮ ਪਤਨੀ ਬੀਬੀ ਸੁੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਉਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਭਾਈ ਗੁਰਦਾਸ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।

ਪੰਥ ਦੇ ਪ੍ਰਸਿੱਧ ਵਿਦਵਾਨ, ਕਥਾ-ਵਾਚਕ ਗਿਆਨੀ ਸੰਤ ਸਿੰਘ ਜੀ ਮਸਕੀਨ 18 ਫ਼ਰਵਰੀ 2005 ਈ: ਦਿਨ ਸ਼ੁੱਕਰਵਾਰ ਨੂੰ 71 ਸਾਲ ਦੀ ਉਮਰ ਬਤੀਤ ਕਰਕੇ ਗੁਰੂ ਚਰਨਾਂ 'ਚ ਜਾ ਬਿਰਾਜੇ।

**-ਕਰਨੈਲ ਸਿੰਘ ਐੱਮ.ਏ.ਲੁਧਿਆਣਾ**
#1138/63-ਏ, ਗੁਰੂ ਤੇਗ ਬਹਾਦਰ ਨਗਰ,
ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ (ਲੁਧਿਆਣਾ)


ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




# ਮਹਾਨ ਜਨਮ ਦਿਹਾੜੇ

ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਜਨਮ ਦਿਹਾੜਾ ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ ਅਤੇ ਸਲਾਨਾ ਬਰਸੀ ਸੰਤ ਬਾਬਾ ਸੁੰਦਰ ਸਿੰਘ ਭਿੰਡਰਾਂਵਾਲਿਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।





ਸ਼ਨੀਵਾਰ 17 ਫਰਵਰੀ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ। ਐਤਵਾਰ 18 ਫਰਵਰੀ 2024 10:30 ਵਜੇ ਤੋਂ 12:30 ਦੀਵਾਨ ਸਜਣਗੇ।

ਚੁਪਹਿਰੇ ਦੇ ਪਾਠਾਂ ਦੀ ਅਰੰਭਤਾ ਹਰ ਐਤਵਾਰ 6:30 ਤੋਂ 9:30 ਵਜ਼ੇ ਤੱਕ ਭੋਗ ਪੈਣਗੇ।

ਕਥਾ ਵਾਚਕ ਗਿਆਨੀ ਗੁਰਮੀਤ ਸਿੰਘ ਸੂਹਰ ਗੁਰਦਾਸਪੁਰ ਵਾਲੇ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢਕੇ ਸ਼ਹੀਦੀ ਅਸਥਾਨ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

## ਇੰਟਰਨੈਸ਼ਨਲ ਪੰਥ ਦਲ ਜਥੇਬੰਦੀ ਦੀ ਚੜਦੀ ਕਲਾ ਤੇ ਸਰਬੱਤ ਦੇ ਭਲੇ ਲਈ

# ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਰੱਖੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਪਾਏ ਗਏ









(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ( ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਜੀ ਵੱਲੋਂ ਜ਼ਿਲ੍ਹਾ ਤਰਨਤਾਰਨ ਸਾਹਿਬ ਤੋਂ ਜਥਾ ਸੱਚਖੰਡ ਸ਼੍ਰੀ ਹਜੂਰ ਸਾਹਿਬ ਜੀ ਵਿਖੇ ਰਵਾਨਾ ਕੀਤਾ ਸੀ। ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਸੱਚਖੰਡ ਸ਼੍ਰੀ ਹਜ਼ੂਰ ਸਾਹਿਬ ਅਤੇ ਬੇਅੰਤ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਦੀਦਾਰੇ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਇੰਟਰਨੈਸ਼ਨਲ ਪੰਥਕ ਦਲ ਆਸਟਰੀਆ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਵੱਲੋਂ ਜਥੇਬੰਦੀ ਦੀ ਚੜਦੀ ਕਲਾ ,ਸਰਬੱਤ ਦੇ ਭਲੇ ਅਤੇ ਪਰਿਵਾਰ ਦੀ ਚੜ੍ਹਦੀ ਕਲਾ ਵਾਸਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਵਾਏ ਗਏ। ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨੀ ਮੋਰਚੇ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਗਈ। ਸ਼੍ਰੀ ਹਜ਼ੂਰ ਸਾਹਿਬ ਜੀ ਤੋਂ ਸਾਰੇ ਸਿੰਘਾਂ ਦਾ ਸਨਮਾਨ ਕੀਤਾ ਗਿਆ। ਨਾਲ ਹੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਵੱਲੋਂ ਨੁਮਾਇੰਦੇ ਭੇਜੇ ਗਏ ਸੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ, ਸੰਤ ਬਾਬਾ ਨਰਿੰਦਰ ਸਿੰਘ ਜੀ ,ਸੰਤ ਬਾਬਾ ਬਲਵਿੰਦਰ ਸਿੰਘ ਜੀ ਲੰਗਰ ਸਾਹਿਬ ਵੱਲੋਂ ਭਾਈ ਜਸਵੀਰ ਸਿੰਘ ਜੀ ਰੋਡੇ ਅਤੇ ਸਮੂਹ ਪਤਵੰਤਿਆਂ ਦਾ ਧੰਨਵਾਦ ਕੀਤਾ। ਨਾਲ ਹੀ ਜੋ ਦਿੱਲੀ ਵਿਖੇ ਸੰਭੂ ਬਾਰਡਰ ਤੇ ਕਿਸਾਨੀ ਮੋਰਚੇ ਵਿੱਚ ਕਿਸਾਨ ਸ਼ਹੀਦ ਹੋਇਆ ਸਮੂਹ ਪਤਵੰਤਿਆਂ ਵੱਲੋਂ ਇਤਰਾਜ ਜਾਹਿਰ ਦੁੱਖ ਦਾ ਪ੍ਰਗਟਾਵਾ ਕੀਤਾ ਨਾਲ ਹੀ ਜੋ ਸਰਕਾਰ ਕਿਸਾਨਾਂ ਤੇ ਜ਼ੁਲਮ ਢਾਹ ਰਹੀ ਹੈ ਜਿਸ ਕਾਰਨ ਬਹੁਤ ਸਾਰੇ ਕਿਸਾਨ ਜਖਮੀ ਹੋਏ ਉਸ ਦਾ ਸਮੂਹ ਪਤਵੰਤਿਆਂ ਨੇ ਸਖਤ ਵਿਰੋਧ ਕੀਤਾ। ਇਸੇ ਤਰ੍ਹਾਂ ਜਿਲਾ ਤਰਨਤਰਨ ਦੇ ਪ੍ਰੈੱਸ ਸਕੱਤਰ ਮਨਪ੍ਰੀਤ ਸਿੰਘ ਨੇ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਜੋ ਅੱਜ ਇੰਟਰਨੈਸ਼ਨਲ ਪੰਥਕ ਦਲ ਦੀ ਮੀਟਿੰਗ ਸਮੂਹ ਪਤਵੰਤਿਆਂ ਵੱਲੋਂ ਕੀਤੀ ਗਈ ਹੈ ਸਮੂਹ ਅਹੁਦੇਦਾਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਜਥੇਬੰਦੀ ਦੇ ਵਾਧੇ ਲਈ ਪਿੰਡ ਪਿੰਡ ਵਿੱਚ ਇਕਾਈਆਂ ਬਣਾਉਣ ਦਾ ਸਮੂਹ ਪੱਤਵੰਤੀਆਂ ਨੇ ਵਿਸ਼ਵਾਸ ਦਵਾਇਆ ਅਤੇ ਸਮੂਹ ਪਤਵੰਤਿਆਂ ਵੱਲੋਂ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਹੁਰਾਂ ਦੀ ਚੜਦੀ ਕਲਾ ਲਈ ਅਰਦਾਸ ਬੇਨਤੀ ਕੀਤੀ ਜੋ ਸਿੰਘ ਸਾਹਿਬ ਜੀ ਅੱਗੇ ਲੱਗ ਕੇ ਕੌਮ ਦੀ ਸੇਵਾ ਕਰ ਰਹੇ ਹਨ। ਸਿੰਘ ਸਾਹਿਬ ਜੀ ਦੀ ਕੌਮ ਨੂੰ ਬਹੁਤ ਵੱਡੀ ਦੇਣ ਹੈ ਇਸ ਮੌਕੇ ਇੰਟਰਨੈਸ਼ਨਲ ਪੰਥਕ ਦਾ ਯੂਰਪ ਦੇ ਪ੍ਰਧਾਨ ਜਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ,ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਾਰਨ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ,ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜਿਲਾ ਪ੍ਰਧਾਨ ਤਰਨ ਤਾਰਨ, ਭਾਈ ਬਲਜੀਤ ਸਿੰਘ ਜੀ ਸਪੁੱਤਰ ਜਥੇਦਾਰ ਬਾਬਾ ਨਛੱਤਰ ਸਿੰਘ ਜੀ ,ਸ੍ਰ ਗੁਰਸ਼ਰਨ ਸਿੰਘ ਵਾੜਾ ਸ਼ੇਰ ਸਿੰਘ, ਬੀਬੀ ਮਨਜਿੰਦਰ ਕੌਰ,ਬੀਬੀ ਹਰਜਿੰਦਰ ਕੌਰ,ਬੀਬੀ ਜਗੀਰ ਕੌਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਸੰਤ ਬਾਬਾ ਚੁੱਗਤ ਸਿੰਘ ਜੀ ਜਨਮ ਦਿਹਾੜਾ ਮਨਾਇਆ ਗਿਆ






ਸੰਤ ਬਾਬਾ ਚੁੱਗਤ ਸਿੰਘ ਜੀ ਜਨਮ ਦਿਹਾੜਾ ਮਨਾਇਆ ਗਿਆ। ਚੌਕ ਮਹਿਤਾ 17 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਗੁਰਦੁਆਰਾ ਗੁਰੂ ਨਾਨਕ ਦਰਬਾਰ ਛੱਪੜੀਆ ਪਿੰਡ ਉਦੋਕੇ ਵਿੱਚ ਸੰਤ ਬਾਬਾ ਚੁੱਗਤ ਸਿੰਘ ਦੀ ਜਨਮ ਦਿਹਾੜਾ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਦੌਰਾਨ ਇੰਟਰਨੈਸ਼ਨਲ ਗੋਲਡ ਮੈਡਲ ਢਾਡੀ ਜਥਾ ਗਿਆਨੀ ਮਲਕੀਅਤ ਸਿੰਘ ਬੱਗਾ ਮਾਝੇ ਵਾਲੀਆਂ ਬੀਬੀਆ ਜਥਾ,ਸੰਤ ਬਾਬਾ ਕੰਵਲਜੀਤ ਸਿੰਘ ਨਾਗੀਅਨ ਵਾਲੇ, ਰਾਗੀ ਭਾਈ ਹਰਮਨ ਸਿੰਘ ਬੱਲਪੁਰੀਆ, ਭਾਈ ਅਕਾਸ਼ਦੀਪ ਸਿੰਘ, ਭਾਈ ਗੁਰਪਿੰਦਰ ਸਿੰਘ, ਪ੍ਰਧਾਨ ਲਖਵਿੰਦਰ ਸਿੰਘ, ਸਵਿੰਦਰ ਸਿੰਘ, ਪਲਵਿੰਦਰ ਸਿੰਘ, ਸੁਖਵਿੰਦਰ ਸਿੰਘ, ਆਦਿ ਸੰਗਤਾ ਨੇ ਹਾਜਰੀਆ ਭਰੀਆਂ। ਗੁਰੂ ਜੀ ਦਾ ਲੰਗਰ ਅਟੁੱਟ ਵਰਤਿਆ ਗਿਆ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ

**ਨਵੀਂ ਦਿੱਲੀ, 17 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਸੰਘਰਸ਼ਸ਼ੀਲ ਕਿਸਾਨਾਂ ਨੂੰ ਜਿਸ ਕਿਸਮ ਦੀ ਵੀ ਮਦਦ ਦੀ ਲੋੜ ਹੋਵੇਗੀ, ਦਿੱਲੀ ਕਮੇਟੀ ਮੁਹੱਈਆ ਕਰਵਾਏਗੀ।

ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਪਿਛਲੇ ਕਿਸਾਨੀ ਸੰਘਰਸ਼ ਵੇਲੇ ਵੀ ਡਟਵੀਂ ਹਮਾਇਤ ਕੀਤੀ ਸੀ ਤੇ ਹਰ ਤਰੀਕੇ ਦੀ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਸੀ ਤੇ ਐਤਕੀਂ ਵੀ ਅਸੀਂ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਕਰ ਰਹੇ ਹਾਂ ਕਿਉਂਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ।



ਕਿਸਾਨ ਦੇਸ਼ ਦਾ ਅੰਨਦਾਤਾ ਜਿਸ ਤਰੀਕੇ ਦੀ ਵੀ ਮਦਦ ਦੀ ਲੋੜ ਹੋਵੇਗੀ ਮੁਹੱਈਆ ਕਰਾਵਾਂਗੇ: ਹਰਮੀਤ ਸਿੰਘ ਕਾਲਕਾ, ਜਗਦੀਪ ਸਿੰਘ ਕਾਹਲੋਂ

ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਕਿਸਾਨ ਅੱਜ ਸਰਕਾਰਾਂ ਦੇ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ ਅਤੇ ਹਰਿਆਣਾ-ਪੰਜਾਬ ਬਾਰਡਰ 'ਤੇ ਦਿੱਲੀ ਆਉਣ ਵਾਸਤੇ ਜੱਦੋ ਜ਼ਿਹਦ ਕਰ ਰਿਹਾ ਹੈ।

ਉਹਨਾਂ ਕਿਹਾ ਕਿ ਇਹ ਵੇਖ ਕੇ ਅਫਸੋਸ ਵੀ ਹੁੰਦਾ ਹੈ ਤੇ ਦਿਲ ਨੂੰ ਦੁੱਖ ਵੀ ਲੱਗਦਾ ਹੈ ਕਿ ਆਪਣੇ ਹੀ ਦੇਸ਼ ਵਿਚ ਆਪਣੀ ਰਾਜਧਾਨੀ ਤੱਕ ਆਉਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਸਰਕਾਰਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਕਿ ਮਸਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਵਾਇਆ ਜਾਵੇ।

ਉਹਨਾਂ ਕਿਹਾ ਕਿ ਜਿਵੇਂ ਪਿਛਲੇ ਕਿਸਾਨ ਅੰਦੋਲਨ ਵਿਚ ਦਿੱਲੀ ਕਮੇਟੀ ਤੁਹਾਡੇ ਨਾਲ ਡਟੀ ਸੀ, ਹੁਣ ਵੀ ਡਟੀ ਹੈ ਤੇ ਤੁਹਾਡੇ ਨਾਲ ਖੜ੍ਹੇ ਹਾਂ। ਉਹਨਾਂ ਕਿਹਾ ਕਿ ਤੁਹਾਨੂੰ ਕਿਸੇ ਵੀ ਚੀਜ਼ ਦੀ ਲੋੜ ਹੈ ਤਾਂ ਅਸੀਂ ਮੁਹੱਈਆ ਕਰਾਵਾਂਗੇ। ਉਹਨਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਕਿਸੇ ਇਕ ਫਿਰਕੇ ਜਾਂ ਜਾਤ ਦੇ ਨਾਲ ਜੋੜ ਕੇ ਨਾ ਵੇਖਿਆ ਜਾਵੇ ਕਿਉਂਕਿ ਕਿਸਾਨ ਅੰਨਦਾਤਾ ਹੈ ਜਿਸਦਾ ਸਭ ਨੂੰ ਸਤਿਕਾਰ ਕਰਨਾ ਚਾਹੀਦਾ ਹੈ।

ਦੋਵਾਂ ਆਗੂਆਂ ਨੇ ਕਿਹਾ ਕਿ ਦਿੱਲੀ ਕਮੇਟੀ ਆਪਣੇ ਭਰਾਵਾਂ ਨਾਲ ਡੱਟ ਕੇ ਖੜ੍ਹੀ ਹੈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਸਾਨੂੰ ਖੇਤੀ ਨਾਲ ਜੋੜ ਕੇ ਗਏ ਹਨ।

ਉਹਨਾਂ ਨੇ ਇਹ ਵੀ ਕਿਹਾ ਕਿ ਅਸੀਂ ਸੰਗਤਾਂ ਨੂੰ ਵੀ ਅਪੀਲ ਕਰਾਂਗੇ ਕਿ ਜਿਥੇ ਕਿਤੇ ਕਿਸਾਨ ਰੁਕੇ ਹਨ, ਜੋ ਵੀ ਉਹਨਾਂ ਨੂੰ ਚਾਹੀਦਾ ਹੈ, ਮੁਹੱਈਆ ਕਰਵਾਇਆ ਜਾਵੇ ਉਹਨਾਂ ਕਿਹਾ ਕਿ ਕਿਸਾਨੀ ਸੰਘਰਸ਼ ਵਾਸਤੇ ਜੋ ਵੀ ਤੁਹਾਨੂੰ ਲੋੜ ਹੈ, ਦਿੱਲੀ ਗੁਰਦੁਆਰਾ ਕਮੇਟੀ ਹਮੇਸ਼ਾ ਤੁਹਾਡੇ ਨਾਲ ਖੜ੍ਹੀ ਹੈ ਤੇ ਖੜ੍ਹੀ ਰਹੇਗੀ।

### ਵੱਡੇ ਘੱਲੂਘਾਰੇ ਦੇ ਸ਼ਹੀਦਾਂ ਸਿੰਘਾਂ ਦੇ ਅਸਥਾਨਾਂ 'ਤੇ

# ਲੰਮੇ ਕੇਸ, ਦੁਮਾਲਾ ਤੇ ਦਸਤਾਰ ਮੁਕਾਬਲੇ ਕਰਵਾਏ ਗਏ

**ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ )**- ਵੱਡੇ ਘੱਲੂਘਾਰੇ ਦੇ ਸ਼ਹੀਦਾਂ ਸਿੰਘਾਂ ਦੀ ਯਾਦ ਨੂੰ ਸਮਰਪਿਤ ਬਾਬਾ ਕੁਲਵਿੰਦਰ ਸਿੰਘ ਜੀ ਦੀ ਸਰਪਰਸਤੀ ਹੇਠ ਧੰਨ ਧੰਨ ਬਾਬੇ ਸਿੰਘ ਸ਼ਹੀਦ ਸੇਵਾ ਐਂਡ ਵੈਲਫੇਅਰ ਸੁਸਾਇਟੀ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਪਿੰਡ ਅਬਦੁੱਲਾਪੁਰ ਚੁਹਾਣੇ ਵਿਖੇ ਪਿਛਲੇ 13 ਫਰਵਰੀ ਤੋ ਲੈ ਕੇ 19 ਫਰਵਰੀ ਤੱਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦਿਆਂ ਹੋਇਆਂ ਇਲਾਕੇ ਦੀਆਂ ਸੰਗਤਾਂ ਅਤੇ ਐਨਆਰਆਈ ਪਰਿਵਾਰਾਂ ਦੇ ਸਹਿਯੋਗ ਦੇ ਨਾਲ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਚੱਲ ਰਹੀ ਹੈ। ਜਿਸ ਵਿੱਚ ਸਆਮ ਨੂੰ 7 ਵਜੇ ਤੋਂ 10 ਵਜੇ ਤੱਕ ਨੂੰ ਸੰਤਾ, ਮਹਾਂਪੁਰਸ਼ਾਂ ਵੱਲੋਂ ਹਰ ਰੋਜ਼ ਕੀਰਤਨ ਕਥਾ ਵਿਚਾਰਾਂ ਰਾਹੀਂ ਇਲਾਕੇ ਦੀਆਂ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨਾ ਕੀਤਾ ਜਾਂਦਾ ਹੈ। ਇਸੇ ਹੀ ਤਹਿਤ ਅੱਜ ਵਿਰਸਾ ਸੰਭਾਲ ਸਰਦਾਰੀ ਲਹਿਰ ਦੇ ਪੰਜਾਬ ਪ੍ਰਧਾਨ ਸ, ਮਨਦੀਪ ਸਿੰਘ ਖੁਰਦ ਦੀ ਅਗਵਾਈ ਹੇਠ ਬੱਚਿਆਂ ਦੇ ਲੰਮੇ ਕੇਸ, ਦੁਮਾਲਾ ਤੇ ਦਸਤਾਰ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਸੈਂਕੜੇ ਬੱਚਿਆਂ ਨੇ ਭਾਗ ਲਿਆ ਜੇਤੂ ਬੱਚਿਆਂ ਨੂੰ ਹਜ਼ਾਰਾਂ ਦੇ ਨਗਦ ਇਨਾਮ ਤੇ ਯਾਦਗਾਰੀ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਪ੍ਰਸ਼ੰਸਾ ਪੱਤਰ ਨਾਲ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਾਡੇ ਸਤਿਕਾਰਯੋਗ ਸ.ਹਰਦੀਪ ਸਿੰਘ ਢਿੱਲੋਂ ਕਨੇਡਾ ਪੁੱਤਰ ਪ੍ਰਿੰਸੀਪਲ ਮੋਹਨ ਸਿੰਘ ਢਿੱਲੋਂ ਦੇ ਪਰਿਵਾਰ ਵੱਲੋਂ ਨਗਦ ਇਨਾਮ ਦੀ ਸੇਵਾ ਕੀਤੀ ਗਈ।





## ਪਿੰਡ ਧਰਮੂਚੱਕ ਵਿੱਚ ਯੂਨਾਈਟੇਡ ਸਿੱਖ (ਯੂ, ਐਸ, ਏ) ਦੇ ਸਹਿਯੋਗ ਨਾਲ ਅੱਖਾਂ ਦਾ ਮੁਫ਼ਤ ਚੈਕਅੱਪ ਅਤੇ ਅਪਰੇਸ਼ਨ ਕੈਂਪ ਅੱਜ 18 ਫਰਵਰੀ ਨੂੰ

**ਚੌਕ ਮਹਿਤਾ 17 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਯੂਨਾਈਟਡ ਸਿੱਖ ਮਿਸ਼ਨ (ਯੂ ਐਸ ਏ) ਸਹਿਯੋਗ ਨਾਲ ਸ, ਸੁਖਬੀਰ ਸਿੰਘ ਰੰਧਾਵਾ, ਸ, ਜੋਧਬੀਰ ਸਿੰਘ ਰੰਧਾਵਾ, ਸ, ਜਗੀਰ ਸਿੰਘ ਰੰਧਾਵਾ ਵੱਲੋਂ ਪਿੰਡ ਧਰਮੂਚੱਕ ਜਿਲਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ 18 ਫਰਵਰੀ 2024 ਦਿਨ ਐਤਵਾਰ ਨੂੰ ਸਵੇਰੇ 9ਤੋ 1 ਵਜੇ ਤੱਕ ਅੱਖਾਂ ਦਾ ਫਰੀ ਚੈਕਅੱਪ ਅਤੇ ਅਪਰੇਸ਼ਨ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਪਰਿਸਾ ਅੱਖਾਂ ਦਾ ਹਸਪਤਾਲ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਮਾਹਰ ਡਾਕਟਰਾ ਦੀ ਟੀਮ ਅੱਖਾਂ ਦਾ ਚੈਕਅੱਪ ਕਰਕੇ ਅਪਰੇਸ਼ਨ ਵੀ ਕੀਤੇ ਜਾਣ ਗੇ ਇਸ ਦੌਰਾਨ ਪੱਤਰਕਾਰਾ ਨੂੰ ਜਾਣਕਾਰੀ ਦਿੰਦੇ ਹੋਏ ਸਹਾਰਾ ਅਨਾਥ ਆਸ਼ਰਮ ਭੋਏਵਾਲ ਦੇ ਮੁੱਖੀ ਸ, ਹਰਪ੍ਰੀਤ ਸਿੰਘ ਦੱਸਿਆ ਕਿ ਮਰੀਜ਼ਾਂ ਨੂੰ ਮੁਫਤ ਦਵਾਈਆਂ, ਅਨੈਕਾਂ ਦਿੱਤੀਆਂ ਜਾਣਗੀਆਂ। ਗੁਰੂ ਜੀ ਲੰਗਰ ਅਟੁੱਟ ਵਰਤੇਗਾ।



## ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਅੱਜ ਦੀ ਮੀਟਿੰਗ ਵਿੱਚ ਲਾਗੂ ਕੀਤਾ ਜਾਵੇ ਅਤੇ ਬਾਡਰਾਂ ਤੇ ਕੀਤੀ ਗਈ ਕਿਲੇ ਬੰਦੀ ਨੂੰ ਹਟਾਇਆ ਜਾਵੇ : ਇੰਟਰਨੈਸ਼ਨਲ ਪੰਥਕ ਦਲ ਬਾਬਾ ਸਤਨਾਮ ਸਿੰਘ ਵੱਲੀਆਂ

ਅੰਮ੍ਰਿਤਸਰ 17 ਫਰਵਰੀ (ਕੁਲਵੰਤ ਸਿੰਘ ਵਿਰਦੀ) ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਇੰਟਰਨੈਸ਼ਨਲ ਪੰਥਕ ਦਲ ਦੇ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ ਨੇ ਕਿਹਾ ਕਿ ਸਰਕਾਰਾਂ ਦੇ ਮਨਸੂਬੇ ਪੰਜਾਬ ਦੀ ਭਲਾਈ ਲਈ ਨਹੀਂ ਸਗੋਂ ਇੰਝ ਲੱਗਦਾ ਹੈ ਕਿ ਜਿਵੇਂ ਪੰਜਾਬ ਨੂੰ ਖ਼ਤਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਬੀਤੇ ਸਮੇਂ ਦੌਰਾਨ ਚੌਰਾਸੀ ਵਿੱਚ ਕਾਂਗਰਸ ਪਾਰਟੀ ਦੀ ਰਾਣੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਉਪਰ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਸਿੱਖਾਂ ਦੇ ਗੁਰੂ ਘਰਾਂ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਬੇਅੰਤ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਕੇ ਭਾਰਤ ਦੇਸ਼ ਦੇ ਹਿਤੈਸ਼ੀ ਦੱਸਣ ਦਾ ਦਾਵਾ ਕਰਦੀ ਰਹੀ ਅਤੇ ਹੁਣ ਜੇਕਰ ਪੰਜਾਬ ਦਾ ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਨੀਲੇ ਆਸਮਾਨ ਦੇ ਥੱਲੇ ਦਿਨ ਰਾਤ ਸੜਕਾਂ ਤੇ ਸੰਘਰਸ਼ ਕਰ ਰਿਹਾ ਹੈ ਅਤੇ ਜੇਕਰ ਕਿਸਾਨ ਆਪਣੀਆਂ ਹੱਕੀ ਮੰਗਾਂ ਭਾਰਤ ਦੀ ਹਕੂਮਤ ਦਿੱਲੀ ਦੇ ਦਰ ਤੇ ਪਹੁੰਚ ਕੇ ਉਨ੍ਹਾਂ ਕੋਲੋਂ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣਾ ਚਾਹੁੰਦਾ ਹੈ ਤਾਂ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਬਾਡਰਾਂ ਨੂੰ ਸੀਲ ਕਰਕੇ ਨਿਹੱਥੇ ਕਿਸਾਨਾਂ ਉਪਰ ਬਿਨਾਂ ਰੁਕੇ ਸੈਂਕੜੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਹਨ ਅਤੇ ਰਫਲਾਂ ਦੀਆਂ ਗੋਲੀਆਂ ਵਰਸਾਈਆਂ ਗਈਆਂ ਹਨ ਜਿਸ ਵਿੱਚ ਸੈਂਕੜੇ ਕਿਸਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ ਅਤੇ ਕੁੱਝ ਸ਼ਹੀਦੀ ਵੀ ਪ੍ਰਾਪਤ ਕਰ ਗਏ ਹਨ ਭਾਰਤ ਸਰਕਾਰ ਨੂੰ ਇਹ ਵੀਚਾਰਨਾ ਚਾਹੀਦਾ ਹੈ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨ ਦੇਸ਼ ਦੀ ਖੁਸ਼ਹਾਲੀ ਲਈ ਅਤੇ ਦੇਸ਼ ਵਾਸੀਆਂ ਦਾ ਢਿੱਡ ਭਰਨ ਲਈ ਆਪਣੇ ਪਰਿਵਾਰ ਨੂੰ ਘਰ ਵਿੱਚ ਇਕੱਲਾ ਛੱਡ ਕੇ ਦਿਨ ਰਾਤ ਆਪਣੀਆਂ ਪੈਲੀ ਦੀਆਂ ਵੱਟਾਂ ਤੇ ਗੁਜ਼ਾਰਦਾ ਹੈ ਅਤੇ ਅੰਨ ਦਾ ਭੰਡਾਰ ਪੈਦਾ ਕਰਦਾ ਹੈ ਅਤੇ ਇਨ੍ਹਾਂ ਕਿਸਾਨਾਂ ਵੱਲੋਂ ਸ਼ਾਂਤਮਈ ਕੀਤੇ ਜਾ ਅੰਦੋਲਨ ਦੌਰਾਨ ਰੱਖੀਆਂ ਗਈਆਂ ਹੱਕੀ ਮੰਗਾਂ ਨੂੰ ਮੰਨ ਕੇ ਮੋਦੀ ਸਰਕਾਰ ਆਪਣਾ ਫਰਜ਼ ਨਿਭਾਏ ਅਤੇ ਬਾਡਰਾਂ ਤੇ ਕੀਤੀ ਗਈ ਕਿਲੇ ਬੰਦੀ ਨੂੰ ਹਟਾਇਆ ਜਾਵੇ ਅਤੇ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਨਾ ਕੀਤਾ ਜਾਵੇ ਭਾਰਤ ਦੇਸ਼ ਵਿੱਚ ਭਾਈਚਾਰਕ ਸਾਂਝ ਨੂੰ ਮੁੱਖ ਰੱਖਦਿਆਂ ਹੋਇਆਂ ਆਉਣ ਵਾਲੀ ਮੀਟਿੰਗ ਵਿੱਚ ਕਿਸਾਨਾਂ ਨੂੰ ਬਣਦਾ ਹੱਕ ਦਿੱਤਾ ਜਾਵੇ ਤਾਂ ਜੋ ਦੇਸ਼ ਦਾ ਕਿਸਾਨ ਵੀ ਖੁਸ਼ ਹੋ ਕਿ ਆਪਣੇ ਘਰ ਪਰਿਵਾਰ ਵਿੱਚ ਖੁਸ਼ੀ ਖੁਸ਼ੀ ਆਪਣੇ ਜੀਵਨ ਦੇ ਪਲਾਂ ਨੂੰ ਬਤੀਤ ਕਰੇ।



## ਚੌਂਕ ਮਹਿਤਾ ਤੋਂ ਬਾਲਾਜੀ ਤੇ ਖਾਟੂ ਸ਼ਿਆਮ ਧਾਮ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ



**ਚੌਂਕ ਮਹਿਤਾ,17ਫਰਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਦੇ ਭਰਾ ਸਤਿੰਦਰ ਸਿੰਘ,ਬਲਾਕ ਪ੍ਰਧਾਨ ਅਜੈ ਗਾਂਧੀ ,ਪ੍ਰਧਾਨ ਅਮਰ ਰਾਵਤ ਤੇ ਬਲਾਕ ਪ੍ਰਧਾਨ ਸਰਬਜੀਤ ਸਿੰਘ ਡਿੰਪੀ ਨੇ ਸਥਾਨਕ ਸ਼ਕਤੀ ਮੰਦਿਰ ਤੋਂ ਸ਼ਰਧਾਲੂਆਂ ਦੀ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਾਜਸਥਾਨ ਸੂਬੇ 'ਚ ਪੈਂਦੇ ਪਵਿੱਤਰ ਹਿੰਦੂ ਅਸਥਾਨ ਸ੍ਰੀ ਸਾਲਾਸਰ ਬਾਲਾਜੀ ਧਾਮ ਤੇ ਸ੍ਰੀ ਖਾਟੂ ਸ਼ਿਆਮ ਧਾਮ ਦੇ ਦਰਸ਼ਨਾਂ ਲਈ ਰਵਾਨਾ ਕੀਤਾ।ਪ੍ਰਧਾਨ ਅਜੈ ਗਾਂਧੀ ਨੇ ਕਿਹਾ ਕਿ ਸਰਕਲ ਮਹਿਤਾ ਤੋਂ ਸ਼ਰਧਾਲੂਆਂ ਦੀ ਇਹ ਪਹਿਲੀ ਬੱਸ ਰਵਾਨਾ ਕੀਤੀ ਗਈ ਹੈ, ਜਿਸਦਾ ਰਾਤ ਦਾ ਠਹਿਰਾਅ ਸ੍ਰੀ ਸਾਲਾਸਰ ਧਾਮ ਵਿਖੇ ਹੋਵੇਗਾ ਤੇ ਉੱਥੋਂ ਸਵੇਰੇ ਅਗਲੇ ਪੜਾਅ ਸ੍ਰੀ ਖਾਟੂ ਸ਼ਿਆਮ ਧਾਮ ਲਈ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਹ ਨੇਕ ਉਪਰਾਲਾ ਹੈ,ਜਿਸ ਸਦਕਾ ਸੂਬੇ ਭਰ ਤੋਂ ਲੋਕ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ ਕਰਨ ਵਾਲੇ ਯਾਤਰੀਆਂ ਦਾ ਖ਼ਰਚਾ ਪੰਜਾਬ ਸਰਕਾਰ ਸਹਿਣ ਕਰੇਗੀ, ਜਿਸ ਵਿਚ ਉਨ੍ਹਾਂ ਦੇ ਸਫਰ, ਰਿਹਾਇਸ਼ ਅਤੇ ਖਾਣ-ਪੀਣ ਦੇ ਸਾਰੇ ਖਰਚੇ ਸ਼ਾਮਲ ਹਨ।ਇਸ ਮੌਕੇ ਪਾਰਟੀ ਵੱਲੋਂ ਅਜੀਤ ਸਿੰਘ ਬੱਬੀ,ਰਸ਼ਪਾਲ ਸਿੰਘ ਨੂਰੀ, ਪਰਮਜੀਤ ਸਿੰਘ ਪੰਮਾ, ਸੁਖਜੀਤ ਸਿੰਘ ਰਾਜੂ,ਸੁਖਜਿੰਦਰ ਸਿੰਘ ਕਾਕੂ, ਹਰੀਸ਼ ਬੱਬੂ,ਪ੍ਰਦੀਪ ਸਿੰਘ ਗੋਰਾ, ਰਾਜ ਕੁਮਾਰ ਰਾਜੂ, ਦਲਜੀਤ ਸਿੰਘ,ਜਤਿੰਦਰ ਸ਼ਰਮਾਂ, ਯਕਿਸ਼ ਅਰੋੜਾ ਤੇ ਜਤਿੰਦਰ ਲਾਡੀ ਆਦਿ ਵੀ ਮੌਜੂਦ ਸਨ।

# ਇੱਕ ਨਜ਼ਰ



### ਘਰ- ਘਰ ਰਾਸ਼ਨ ਸਕੀਮ ਤਹਿਤ ਅਜਨਾਲਾ ਵਿੱਚ ਰਾਸ਼ਨ ਦੀ ਵੰਡ ਸ਼ੁਰੂ

## ਲਾਭਪਾਤਰੀਆਂ ਨੂੰ ਪ੍ਰਤੀ ਮੈਂਬਰ 5 ਕਿਲੋ ਆਟਾ ਜਾਂ 5 ਕਿਲੋ ਕਣਕ ਦੀ ਵੰਡ ਮੁਫਤ ਕੀਤਾ ਜਾਵੇਗੀ

ਅਜਨਾਲਾ, 17 ਫਰਵਰੀ ( ਕੁਲਵੰਤ ਸਿੰਘ ਵਿਰਦੀ)- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿਸ ਦਿਨ ਤੋਂ ਹੋਂਦ ਵਿੱਚ ਆਈ ਹੈ, ਓਸੇ ਦਿਨ ਤੋਂ ਲੋਕਾਂ ਦਾ ਜੀਵਨ ਸੌਖਾ ਕਰਨ ਲਈ ਸਰਕਾਰ ਵੱਲੋਂ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਇਸੇ ਦਿਸ਼ਾ ਵਿੱਚ ਇੱਕ ਹੋਰ ਇਨਕਲਾਬੀ ਕਦਮ ਪੁੱਟਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ 10 ਫਰਵਰੀ ਤੋਂ ਘਰ ਘਰ ਰਾਸ਼ਨ ਸਕੀਮ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ ਹੁਣ ਪੰਜਾਬ ਵਿੱਚ ਘਰ ਘਰ ਮੁਫਤ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਅਜਨਾਲਾ ਵਿਖੇ ਇਸ ਸਕੀਮ ਦੀ ਸ਼ੁਰੂਆਤ ਕਰਦਿਆਂ ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਸਕੀਮ ਸਦਕਾ ਲੋਕਾਂ ਨੂੰ ਰਾਸ਼ਨ ਲਈ ਲਾਈਨਾਂ ਵਿੱਚ ਖੜ੍ਹ ਕੇ ਉਡੀਕ ਕਰਨ ਤੋਂ ਨਿਜਾਤ ਮਿਲ ਜਾਵੇਗੀ। ਉਨਾਂ ਨੇ ਦੱਸਿਆ ਕਿ ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ ਜਾਰੀ ਰਾਸ਼ਨ ਕਾਰਡਾਂ ਦੇ ਲਾਭਪਾਤਰੀਆ ਲਈ ਸਰਕਾਰ ਵੱਲੋਂ ਮਾਰਕਫੈਡ ਅਧੀਨ ਮਾਡਲ ਫੇਅਰ ਪ੍ਰਾਈਸ ਸ਼ਾਪ (ਐਮ ਐੱਫ ਪੀ ਐੱਸ) ਖੋਲ੍ਹੇ ਜਾ ਰਹੇ ਹਨ। ਇਹਨਾਂ ਐਮ ਐੱਫ ਪੀ ਐੱਸ ਨਾਲ ਰਾਸ਼ਨ ਕਾਰਡ ਪਰਿਵਾਰਾਂ ਦੇ ਲਾਭਪਾਤਰੀ ਜੋੜੇ ਗਏ ਹਨ। ਇਨ੍ਹਾਂ ਲਾਭਪਾਤਰੀਆਂ ਨੂੰ ਪ੍ਰਤੀ ਮੈਂਬਰ 5 ਕਿਲੋ ਆਟਾ ਜਾਂ 5 ਕਿਲੋ ਕਣਕ ਦੀ ਵੰਡ ਮੁਫਤ ਕੀਤਾ ਜਾਵੇਗੀ। ਇਸ ਮੌਕੇ ਓ ਐਸ ਡੀ ਗੁਰਜੰਟ ਸਿੰਘ ਸੋਹੀ , ਮਾਰਕਿਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਬਲਾਕ ਪ੍ਰਧਾਨ ਮੰਨੂ ਮੱਲ੍ਹੀ ,ਪਿੰਡ ਮੋਹਣ ਭੰਡਾਰੀਆਂ ਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਦੀਪ ਸਿੰਘ (ਜੱਗਾ) ਪੰਨੂ ,ਰਾਜਬੀਰ ਸਿੰਘ ਪੰਨੂ , ਸ ? ਲੱਖਾ ਸਿੰਘ , ਸ ? ਅਮਰਜੀਤ ਸਿੰਘ , ਸ ? ਰਣਜੀਤ ਸਿੰਘ , ਠੇਕੇਦਾਰ ਗੁਰਦੀਪ ਸਿੰਘ , ਬਚਨ ਲਾਲ ਚੌਂਕੀਦਾਰ ,ਤਰਸੇਮ ਸਿੰਘ , ਗੁਰਮੁੱਖ ਸਿੰਘ , ਕਰਨੈਲ ਸਿੰਘ ,ਪ੍ਰਧਾਨ ਬੂਟਾ ਸਿੰਘ ਆਦਿ ਹਾਜਰ ਸਨ ।

## ਚੌਂਕ ਮਹਿਤਾ ਤੋਂ ਬਾਲਾਜੀ ਤੇ ਖਾਟੂ ਸ਼ਿਆਮ ਧਾਮ ਲਈ ਸ਼ਰਧਾਲੂਆਂ ਦੀ ਬੱਸ ਰਵਾਨਾ

### ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਮੁਫਤ ਯਾਤਰਾ ਦੀ ਸੁਵਿਧਾ ਦੇਣਾ 'ਆਪ' ਸਰਕਾਰ ਦਾ ਨੇਕ ਉਪਰਾਲਾ- ਅਜੈ ਗਾਂਧੀ

ਚੌਂਕ ਮਹਿਤਾ,17 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )-ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਉਨ੍ਹਾਂ ਦੇ ਭਰਾ ਸਤਿੰਦਰ ਸਿੰਘ,ਬਲਾਕ ਪ੍ਰਧਾਨ ਅਜੈ ਗਾਂਧੀ ,ਪ੍ਰਧਾਨ ਅਮਰ ਰਾਵਤ ਤੇ ਬਲਾਕ ਪ੍ਰਧਾਨ ਸਰਬਜੀਤ ਸਿੰਘ ਡਿੰਪੀ ਨੇ ਸਥਾਨਕ ਸ਼ਕਤੀ ਮੰਦਿਰ ਤੋਂ ਸ਼ਰਧਾਲੂਆਂ ਦੀ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਰਾਜਸਥਾਨ ਸੂਬੇ 'ਚ ਪੈਂਦੇ ਪਵਿੱਤਰ ਹਿੰਦੂ ਅਸਥਾਨ ਸ੍ਰੀ ਸਾਲਾਸਰ ਬਾਲਾਜੀ ਧਾਮ ਤੇ ਸ੍ਰੀ ਖਾਟੂ ਸ਼ਿਆਮ ਧਾਮ ਦੇ ਦਰਸ਼ਨਾਂ ਲਈ ਰਵਾਨਾ ਕੀਤਾ।ਪ੍ਰਧਾਨ ਅਜੈ ਗਾਂਧੀ ਨੇ ਕਿਹਾ ਕਿ ਸਰਕਲ ਮਹਿਤਾ ਤੋਂ ਸ਼ਰਧਾਲੂਆਂ ਦੀ ਇਹ ਪਹਿਲੀ ਬੱਸ ਰਵਾਨਾ ਕੀਤੀ ਗਈ ਹੈ, ਜਿਸਦਾ ਰਾਤ ਦਾ ਠਹਿਰਾਅ ਸ੍ਰੀ ਸਾਲਾਸਰ ਧਾਮ ਵਿਖੇ ਹੋਵੇਗਾ ਤੇ ਉੱਥੋਂ ਸਵੇਰੇ ਅਗਲੇ ਪੜਾਅ ਸ੍ਰੀ ਖਾਟੂ ਸ਼ਿਆਮ ਧਾਮ ਲਈ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਇਹ ਨੇਕ ਉਪਰਾਲਾ ਹੈ,ਜਿਸ ਸਦਕਾ ਸੂਬੇ ਭਰ ਤੋਂ ਲੋਕ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਹਨ ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ ਕਰਨ ਵਾਲੇ ਯਾਤਰੀਆਂ ਦਾ ਖ਼ਰਚਾ ਪੰਜਾਬ ਸਰਕਾਰ ਸਹਿਣ ਕਰੇਗੀ, ਜਿਸ ਵਿਚ ਉਨ੍ਹਾਂ ਦੇ ਸਫਰ, ਰਿਹਾਇਸ਼ ਅਤੇ ਖਾਣ-ਪੀਣ ਦੇ ਸਾਰੇ ਖਰਚੇ ਸ਼ਾਮਲ ਹਨ।ਇਸ ਮੌਕੇ ਪਾਰਟੀ ਵੱਲੋਂ ਅਜੀਤ ਸਿੰਘ ਬੱਬੀ,ਰਸ਼ਪਾਲ ਸਿੰਘ ਨੂਰੀ, ਪਰਮਜੀਤ ਸਿੰਘ ਪੰਮਾ, ਸੁਖਜੀਤ ਸਿੰਘ ਰਾਜੂ,ਸੁਖਜਿੰਦਰ ਸਿੰਘ ਕਾਕੂ, ਹਰੀਸ਼ ਬੱਬੂ,ਪ੍ਰਦੀਪ ਸਿੰਘ ਗੋਰਾ, ਰਾਜ ਕੁਮਾਰ ਰਾਜੂ, ਦਲਜੀਤ ਸਿੰਘ,ਜਤਿੰਦਰ ਸ਼ਰਮਾਂ, ਯਕਿਸ਼ ਅਰੋੜਾ ਤੇ ਜਤਿੰਦਰ ਲਾਡੀ ਆਦਿ ਵੀ ਮੌਜੂਦ ਸਨ।

## ਮੈਂ ਇਕੱਲਾ ਨਹੀਂ ਹਾਂ

ਕੋਈ ਨਾਲ ਨਹੀਂ ਮੇਰੇ ਤਾਂ ਕੀ ਹੋਇਆ ?
ਮੈਂ ਇਕੱਲਾ ਹੀ ਬਹੁਤ ਹਾਂ,
ਇਹ ਚੋਟੀ ਨੂੰ ਸਰ ਕਰਨ ਲਈ।
ਇਹ ਸਾਗਰ ਨੂੰ ਤਰਨ ਲਈ।
ਇਕੱਲਾ ਵੀ ਕਿਉਂ ?
ਮੇਰਾ ਰਹਿਬਰ ਤਾਂ ਹੈ ਮੇਰੇ ਨਾਲ।
ਜੀਹਨੇ ਚੱਲਣਾ ਸਿਖਾਇਆ,
ਇਹਨਾਂ ਵੀਰਾਨ ਰਾਹਾਂ 'ਤੇ
ਜੀਹਨੇ ਤੁਰਨਾ ਸਿਖਾਇਆ,
ਕੰਡਿਆਂ ਦੀ ਸੇਜ਼ 'ਤੇ।
ਰੁਸ ਰੁਸ ਬਹਿੰਦੀ ਹੈ ਦੁਨੀਆਂ,
ਜਾਣ ਕੇ ਸਾਡੀਆਂ ਪ੍ਰਾਪਤੀਆਂ,
ਉਹ ਰਹਿਬਰ, ਉਹ ਸਾਥੀ ਮੇਰਾ,
ਮੈਨੂੰ ਦਿਲਾਸਾ ਦਿੰਦਾ ਹੈ,
ਅੱਗੇ ਵਧਣ ਲਈ,
ਮੰਜਿਲ ਪਾਉਣ ਲਈ।
ਉਹਦੇ ਸਾਥ ਨਾਲ ਮੈਂ ਵਧ ਰਿਹਾਂ,
ਉਹਦੇ ਹੌਸਲੇ ਨਾਲ ਚੱਲ ਰਿਹਾਂ,
ਉਹਦੇ ਸੰਗ ਨਾਲ ਮਹਿਸੂਸ ਕਰਦਾਂ,
ਕਿ ਮੈਂ ਇਕੱਲਾ ਨਹੀਂ।
ਮੇਰੇ ਨਾਲ ਮੇਰਾ ਰਹਿਬਰ ਹੈ,
ਮੇਰਾ ਮੁਰਸ਼ਦ ਹੈ, ਮੇਰਾ ਖ਼ੁਦਾ ਹੈ।



ਗੁਰਜੰਟ ਸਿੰਘ ਨਥੇਹਾ, ਪਿੰਡ ਨਥੇਹਾ (ਬਠਿੰਡਾ)
+918968727272

### ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਕਿਸਾਨੀ ਸੰਘਰਸ਼ ਦੀ ਹਮਾਇਤ

# ਕਿਸਾਨ ਦੇਸ਼ ਦਾ ਅੰਨਦਾਤਾ , ਹਰ ਤਰ੍ਹਾਂ ਦੀ ਮੱਦਦ ਮੁਹੱਈਆ ਕਰਾਵਾਂਗੇ

**ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਕਿਸਾਨ ਅੱਜ ਸਰਕਾਰਾਂ ਦੇ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ ਅਤੇ ਹਰਿਆਣਾ-ਪੰਜਾਬ ਬਾਰਡਰ 'ਤੇ ਦਿੱਲੀ ਆਉਣ ਵਾਸਤੇ ਜੱਦੋ ਜ਼ਿਹਦ ਕਰ ਰਿਹਾ ਹੈ.....**





ਨਵੀਂ ਦਿੱਲੀ, 17 ਫਰਵਰੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਸੰਘਰਸ਼ਸ਼ੀਲ ਕਿਸਾਨਾਂ ਨੂੰ ਜਿਸ ਕਿਸਮ ਦੀ ਵੀ ਮਦਦ ਦੀ ਲੋੜ ਹੋਵੇਗੀ, ਦਿੱਲੀ ਕਮੇਟੀ ਮੁਹੱਈਆ ਕਰਵਾਏਗੀ। ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਪਿਛਲੇ ਕਿਸਾਨੀ ਸੰਘਰਸ਼ ਵੇਲੇ ਵੀ ਡਟਵੀਂ ਹਮਾਇਤ ਕੀਤੀ ਸੀ ਤੇ ਹਰ ਤਰੀਕੇ ਦੀ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਸੀ ਤੇ ਐਤਕੀਂ ਵੀ ਅਸੀਂ ਕਿਸਾਨੀ ਸੰਘਰਸ਼ ਦੀ ਡਟਵੀਂ ਹਮਾਇਤ ਕਰ ਰਹੇ ਹਾਂ ਕਿਉਂਕਿ ਕਿਸਾਨ ਦੇਸ਼ ਦਾ ਅੰਨਦਾਤਾ ਹੈ। ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਕਿਸਾਨ ਅੱਜ ਸਰਕਾਰਾਂ ਦੇ ਨਾਲ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ ਅਤੇ ਹਰਿਆਣਾ-ਪੰਜਾਬ ਬਾਰਡਰ 'ਤੇ ਦਿੱਲੀ ਆਉਣ ਵਾਸਤੇ ਜੱਦੋ ਜ਼ਿਹਦ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਹ ਵੇਖ ਕੇ ਅਫਸੋਸ ਵੀ ਹੁੰਦਾ ਹੈ ਤੇ ਦਿਲ ਨੂੰ ਦੁੱਖ ਵੀ ਲੱਗਦਾ ਹੈ ਕਿ ਆਪਣੇ ਹੀ ਦੇਸ਼ ਵਿਚ ਆਪਣੀ ਰਾਜਧਾਨੀ ਤੱਕ ਆਉਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਸਰਕਾਰਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਕਿ ਮਸਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਵਾਇਆ ਜਾਵੇ। ਉਹਨਾਂ ਕਿਹਾ ਕਿ ਜਿਵੇਂ ਪਿਛਲੇ ਕਿਸਾਨ ਅੰਦੋਲਨ ਵਿਚ ਦਿੱਲੀ ਕਮੇਟੀ ਤੁਹਾਡੇ ਨਾਲ ਡਟੀ ਸੀ, ਹੁਣ ਵੀ ਡਟੀ ਹੈ ਤੇ ਤੁਹਾਡੇ ਨਾਲ ਖੜ੍ਹੇ ਹਾਂ। ਉਹਨਾਂ ਕਿਹਾ ਕਿ ਤੁਹਾਨੂੰ ਕਿਸੇ ਵੀ ਚੀਜ਼ ਦੀ ਲੋੜ ਹੈ ਤਾਂ ਅਸੀਂ ਮੁਹੱਈਆ ਕਰਾਵਾਂਗੇ।ਉਹਨਾਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਕਿਸੇ ਇਕ ਫਿਰਕੇ ਜਾਂ ਜਾਤ ਦੇ ਨਾਲ ਜੋੜ ਕੇ ਨਾ ਵੇਖਿਆ ਜਾਵੇ ਕਿਉਂਕਿ ਕਿਸਾਨ ਅੰਨਦਾਤਾ ਹੈ ਜਿਸਦਾ ਸਭ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਦਿੱਲੀ ਕਮੇਟੀ ਆਪਣੇ ਭਰਾਵਾਂ ਨਾਲ ਡੱਟ ਕੇ ਖੜ੍ਹੀ ਹੈ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਸਾਨੂੰ ਖੇਤੀ ਨਾਲ ਜੋੜ ਕੇ ਗਏ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਅਸੀਂ ਸੰਗਤਾਂ ਨੂੰ ਵੀ ਅਪੀਲ ਕਰਾਂਗੇ ਕਿ ਜਿਥੇ ਕਿਤੇ ਕਿਸਾਨ ਰੁਕੇ ਹਨ, ਜੋ ਵੀ ਉਹਨਾਂ ਨੂੰ ਚਾਹੀਦਾ ਹੈ, ਮੁਹੱਈਆ ਕਰਵਾਇਆ ਜਾਵੇ।ਉਹਨਾਂ ਕਿਹਾ ਕਿ ਕਿਸਾਨੀ ਸੰਘਰਸ਼ ਵਾਸਤੇ ਜੋ ਵੀ ਤੁਹਾਨੂੰ ਲੋੜ ਹੈ, ਦਿੱਲੀ ਗੁਰਦੁਆਰਾ ਕਮੇਟੀ ਹਮੇਸ਼ਾ ਤੁਹਾਡੇ ਨਾਲ ਖੜ੍ਹੀ ਹੈ ਤੇ ਖੜ੍ਹੀ ਰਹੇਗੀ।

### ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਅੱਜ ਦੀ ਮੀਟਿੰਗ ਵਿੱਚ ਲਾਗੂ ਕੀਤਾ ਜਾਵੇ

# ਬਾਡਰਾਂ ਤੇ ਕੀਤੀ ਗਈ ਕਿਲੇ ਬੰਦੀ ਨੂੰ ਹਟਾਇਆ ਜਾਵੇ: ਬਾਬਾ ਸਤਨਾਮ ਸਿੰਘ ਵੱਲੀਆਂ



ਅੰਮ੍ਰਿਤਸਰ , 17 ਫਰਵਰੀ (ਕੁਲਵੰਤ ਸਿੰਘ ਵਿਰਦੀ)- ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਇੰਟਰਨੈਸ਼ਨਲ ਪੰਥਕ ਦਲ ਦੇ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਬਾਬਾ ਸਤਨਾਮ ਸਿੰਘ ਵੱਲੀਆਂ ਨੇ ਕਿਹਾ ਕਿ ਸਰਕਾਰਾਂ ਦੇ ਮਨਸੂਬੇ ਪੰਜਾਬ ਦੀ ਭਲਾਈ ਲਈ ਨਹੀਂ ਸਗੋਂ ਇੰਝ ਲੱਗਦਾ ਹੈ ਕਿ ਜਿਵੇਂ ਪੰਜਾਬ ਨੂੰ ਖ਼ਤਮ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਬੀਤੇ ਸਮੇਂ ਦੌਰਾਨ ਚੌਰਾਸੀ ਵਿੱਚ ਕਾਂਗਰਸ ਪਾਰਟੀ ਦੀ ਰਾਣੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਉਪਰ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਸਿੱਖਾਂ ਦੇ ਗੁਰੂ ਘਰਾਂ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਬੇਅੰਤ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਕੇ ਭਾਰਤ ਦੇਸ਼ ਦੇ ਹਿਤੈਸ਼ੀ ਦੱਸਣ ਦਾ ਦਾਵਾ ਕਰਦੀ ਰਹੀ ਅਤੇ ਹੁਣ ਜੇਕਰ ਪੰਜਾਬ ਦਾ ਕਿਸਾਨ ਆਪਣੀਆਂ ਹੱਕੀ ਮੰਗਾਂ ਲਈ ਨੀਲੇ ਆਸਮਾਨ ਦੇ ਥੱਲੇ ਦਿਨ ਰਾਤ ਸੜਕਾਂ ਤੇ ਸੰਘਰਸ਼ ਕਰ ਰਿਹਾ ਹੈ ਅਤੇ ਜੇਕਰ ਕਿਸਾਨ ਆਪਣੀਆਂ ਹੱਕੀ ਮੰਗਾਂ ਭਾਰਤ ਦੀ ਹਕੂਮਤ ਦਿੱਲੀ ਦੇ ਦਰ ਤੇ ਪਹੁੰਚ ਕੇ ਉਨ੍ਹਾਂ ਕੋਲੋਂ ਆਪਣੀਆਂ ਮੰਗਾਂ ਨੂੰ ਲਾਗੂ ਕਰਵਾਉਣਾ ਚਾਹੁੰਦਾ ਹੈ ਤਾਂ ਹਰਿਆਣੇ ਦੀ ਖੱਟਰ ਸਰਕਾਰ ਵੱਲੋਂ ਬਾਡਰਾਂ ਨੂੰ ਸੀਲ ਕਰਕੇ ਨਿਹੱਥੇ ਕਿਸਾਨਾਂ ਉਪਰ ਬਿਨਾਂ ਰੁਕੇ ਸੈਂਕੜੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ ਹਨ ਅਤੇ ਰਫਲਾਂ ਦੀਆਂ ਗੋਲੀਆਂ ਵਰਸਾਈਆਂ ਗਈਆਂ ਹਨ ਜਿਸ ਵਿੱਚ ਸੈਂਕੜੇ ਕਿਸਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ ਅਤੇ ਕੁੱਝ ਸ਼ਹੀਦੀ ਵੀ ਪ੍ਰਾਪਤ ਕਰ ਗਏ ਹਨ ਭਾਰਤ ਸਰਕਾਰ ਨੂੰ ਇਹ ਵੀਚਾਰਨਾ ਚਾਹੀਦਾ ਹੈ ਕਿ ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨ ਦੇਸ਼ ਦੀ ਖੁਸ਼ਹਾਲੀ ਲਈ ਅਤੇ ਦੇਸ਼ ਵਾਸੀਆਂ ਦਾ ਢਿੱਡ ਭਰਨ ਲਈ ਆਪਣੇ ਪਰਿਵਾਰ ਨੂੰ ਘਰ ਵਿੱਚ ਇਕੱਲਾ ਛੱਡ ਕੇ ਦਿਨ ਰਾਤ ਆਪਣੀਆਂ ਪੈਲੀ ਦੀਆਂ ਵੱਟਾਂ ਤੇ ਗੁਜ਼ਾਰਦਾ ਹੈ ਅਤੇ ਅੰਨ ਦਾ ਭੰਡਾਰ ਪੈਦਾ ਕਰਦਾ ਹੈ ਅਤੇ ਇਨ੍ਹਾਂ ਕਿਸਾਨਾਂ ਵੱਲੋਂ ਸ਼ਾਂਤਮਈ ਕੀਤੇ ਜਾ ਅੰਦੋਲਨ ਦੌਰਾਨ ਰੱਖੀਆਂ ਗਈਆਂ ਹੱਕੀ ਮੰਗਾਂ ਨੂੰ ਮੰਨ ਕੇ ਮੋਦੀ ਸਰਕਾਰ ਆਪਣਾ ਫਰਜ਼ ਨਿਭਾਏ ਅਤੇ ਬਾਡਰਾਂ ਤੇ ਕੀਤੀ ਗਈ ਕਿਲੇ ਬੰਦੀ ਨੂੰ ਹਟਾਇਆ ਜਾਵੇ ਅਤੇ ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਨਾ ਕੀਤਾ ਜਾਵੇ ਭਾਰਤ ਦੇਸ਼ ਵਿੱਚ ਭਾਈਚਾਰਕ ਸਾਂਝ ਨੂੰ ਮੁੱਖ ਰੱਖਦਿਆਂ ਹੋਇਆਂ ਆਉਣ ਵਾਲੀ ਮੀਟਿੰਗ ਵਿੱਚ ਕਿਸਾਨਾਂ ਨੂੰ ਬਣਦਾ ਹੱਕ ਦਿੱਤਾ ਜਾਵੇ ਤਾਂ ਜੋ ਦੇਸ਼ ਦਾ ਕਿਸਾਨ ਵੀ ਖੁਸ਼ ਹੋ ਕਿ ਆਪਣੇ ਘਰ ਪਰਿਵਾਰ ਵਿੱਚ ਖੁਸ਼ੀ ਖੁਸ਼ੀ ਆਪਣੇ ਜੀਵਨ ਦੇ ਪਲਾਂ ਨੂੰ ਬਤੀਤ ਕਰੇ।

# ਨਗਰ ਕੀਰਤਨ ਮੌਕੇ ਗੁਰੂ ਹਰਗੋਬਿੰਦ ਪਬਲਿਕ ਸਕੂਲ ਲਹਿਰੀ ਦੀ ਗੱਤਕਾ ਪਾਰਟੀ ਨੇ ਦਿਖਾਏ ਜੌਹਰ









ਤਲਵੰਡੀ ਸਾਬੋ, 17 ਫਰਵਰੀ (ਗੁਰਜੰਟ ਸਿੰਘ ਨਥੇਹਾ)- ਜਿੱਥੇ ਗੁਰੂ ਹਰਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਹਿਰੀ ਦੇ ਵਿਦਿਆਰਥੀ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਰ ਰਹੇ ਹਨ ਉਥੇ ਹੀ ਧਾਰਮਿਕ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਕਰਦੇ ਹੋਏ ਧਾਰਮਿਕ ਖੇਡਾਂ, ਗੁਰਬਾਣੀ ਨਾਲ ਜੁੜ ਰਹੇ ਹਨ। ਏਸੇ ਦੇ ਚਲਦਿਆਂ ਉਕਤ ਸਕੂਲ ਦੀ ਗੱਤਕਾ ਪਾਰਟੀ ਵੱਲੋਂ ਪਿੰਡ ਲਹਿਰੀ ਵਿਖੇ ਸੰਤ ਬਾਬਾ ਗੁਰਦਿਆਲ ਸਿੰਘ ਅਤੇ ਸੰਤ ਬਾਬਾ ਫੌਜਾ ਸਿੰਘ ਜੀ ਦੀਆਂ ਬਰਸੀ ਮੌਕੇ ਸਜਾਏ ਗਏ ਨਗਰ ਕੀਰਤਨ ਵਿੱਚ ਗੱਤਕੇ ਦੇ ਜੌਹਰ ਦਿਖਾ ਕੇ ਸੰਗਤ ਨੂੰ ਜੈਕਾਰੇ ਗੁੰਜਾਉਣ ਲਈ ਮਜ਼ਬੂਰ ਕੀਤਾ। ਇਸ ਤੋਂ ਇਲਾਵਾ ਸਕੂਲ ਦੀ ਲੜਕੀਆਂ ਟੀਮ ਨੇ ਕੋਰਿਓਗ੍ਰਾਫੀਆਂ ਰਾਹੀਂ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰ. ਲਖਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਸਕੂਲ ਵਿਖੇ ਕਾਫੀ ਸਮੇਂ ਤੋਂ ਗੱਤਕਾ ਅਤੇ ਗੁਰਬਾਣੀ ਦੀਆਂ ਕਲਾਸਾਂ ਲੱਗ ਰਹੀਆਂ ਹਨ ਪ੍ਰੰਤੂ ਕੋਰੋਨਾ ਕਾਲ ਦੌਰਾਨ ਕੁਝ ਸਮਾਂ ਗਤੀਵਿਧੀਆਂ ਰੋਕਣੀਆਂ ਪੈ ਗਈਆਂ ਸਨ। ਇਸ ਸੈਸ਼ਨ ਦੌਰਾਨ ਥੋੜ੍ਹੇ ਸਮੇਂ 'ਚ ਬੱਚਿਆਂ ਦੀ ਗੱਤਕਾ ਅਤੇ ਧਾਰਮਿਕ ਗਤੀਵਿਧੀਆਂ ਲਈ ਤਿਆਰੀ ਕਰਵਾਈ ਗਈ ਸੀ ਜਿਸ ਕਾਰਨ ਪਿੰਡ ਲਹਿਰੀ ਵਿਖੇ ਗੱਤਕਾ ਟੀਮ ਨੇ ਹਾਜ਼ਰੀ ਭਰਨ ਦਾ ਮੌਕਾ ਮਿਲਿਆ। ਇਸ ਸਵਾਲ ਦੇ ਜਵਾਬ ਉਹਨਾਂ ਕਿਹਾ ਕਿ ਬੇਸ਼ਕ ਛੋਟੇ ਬੱਚਿਆਂ ਦੀ ਟੀਮ ਹੈ ਪ੍ਰੰਤੂ ਨਗਰ ਕੀਰਤਨ ਦੌਰਾਨ ਸਮੁੱਚੀ ਟੀਮ ਨੇ ਹੈਰਾਨ ਕਰਨ ਵਾਲੇ ਜੌਹਰ ਦਿਖਾਏ ਗਏ ਅਤੇ ਤਿੰਨ ਕੋਰੀਓਗਰਾਫੀਆਂ ਪੇਸ਼ ਕਰਕੇ ਸੰਗਤ ਨੂੰ ਇਤਿਹਾਸ ਤੋਂ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਇਹਨਾਂ ਬੱਚਿਆਂ ਦੀ ਤਿਆਰੀ ਗੁਰਜੰਟ ਸਿੰਘ ਵੱਲੋਂ ਕਰਵਾਈ ਗਈ ਹੈ ਅਤੇ ਭਵਿਖ 'ਚ ਵੀ ਇਹ ਮਾਰਸ਼ਲ ਆਰਟ ਜਾਰੀ ਰਹੇਗਾ। ਇਸ ਮੌਕੇ ਸੁਸਾਇਟੀ ਪ੍ਰਧਾਨ ਸ੍ਰੀਮਤੀ ਜਸਵਿੰਦਰ ਕੌਰ ਸਿੱਧੂ ਅਤੇ ਸਕੱਤਰ ਸ੍ਰੀਮਤੀ ਪਰਮਜੀਤ ਕੌਰ ਵਲੋਂ ਜਿੱਥੇ ਬੱਚਿਆਂ ਨੂੰ ਵਧਾਈ ਦਿੱਤੀ ਉਥੇ ਗੱਤਕਾ ਕੋਚ ਗੁਰਜੰਟ ਸਿੰਘ ਨੂੰ ਸਨਮਾਨਿਤ ਕੀਤਾ ਗਿਆ।